Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

FOR ADVERTISING IN CANADIAN PUNJABI POST CALL: 905-793-2202

Vol 19*Issue 62 | Friday, April 03, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਟਰੱਕਿੰਗ ਸੈਕਟਰ ਦੇ ਸਮਰਥਨ ਵਿੱਚ ਨਿੱਤਰੀ ਓਨਟਾਰੀਓ ਸਰਕਾਰ

ਪੰਨਾ 03

ਸ਼ੀਅਰ ਨੇ ਪਾਰਟੀ ਫੰਡ ਵਿੱਚੋਂ ਹੀ ਸਕੂਲ ਦੀ ਫੀਸ, ਕੱਪੜਿਆਂ ਤੇ ਮਿਨੀਵੈਨ ਉੱਤੇ ਕੀਤਾ ਖਰਚਾ : ਆਡਿਟ ਰਿਪੋਰਟ

ਪੰਨਾ 04

# ਵਿਦੇਸ਼ਾਂ ਤੋਂ ਪਰਤਣ ਵਾਲੇ ਕੈਨੇਡੀਅਨਾਂ ਰਾਹੀਂ ਵਾਇਰਸ ਫੈਲਣ ਦਾ ਡਰ ਜ਼ਿਆਦਾ ਹੈ : ਟਰੂਡੋ



ਓਟਵਾ, 2 ਅਪਰੈਲ (ਪੋਸਟ ਬਿਊਰੋ) : ਕੋਵਿਡ 19 ਮਹਾਮਾਰੀ ਕਾਰਨ ਵਿਦੇਸ਼ਾਂ ਵਿੱਚ ਫਸੇ ਕੈਨੇਡੀਅਨਾਂ ਨੂੰ ਦੇਸ਼ ਵਾਪਿਸ ਲਿਆਉਣ ਲਈ ਸਰਕਾਰ ਪੂਰਾ ਜ਼ੋਰ ਲਾ ਰਹੀ ਹੈ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚੇਤਾਵਨੀ ਦਿੱਤੀ ਕਿ ਉਹ ਪੂਰੇ ਦੇਸ਼ ਲਈ ਖਤਰਾ ਹੋ ਸਕਦੇ ਹਨ।

ਵੀਰਵਾਰ ਨੂੰ ਆਪਣੀ ਰਿਹਾਇਸ਼ਗਾਹ ਦੇ ਬਾਹਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਅਸੀਂ ਬਾਹਰੋਂ ਆਉਣ ਵਾਲੇ ਸਾਰੇ ਲੋਕਾਂ ਲਈ ਇਹ ਯਕੀਨੀ ਬਣਾਵਾਂਗੇ ਕਿ ਉਹ ਚੰਗੀ ਤਰ੍ਹਾਂ ਆਈਸੋਲੇਟ ਹੋਣ। ਪਿਛਲੇ ਦੋ ਕੁ ਹਫਤਿਆਂ ਵਿੱਚ ਕਈ ਕੈਨੇਡੀਅਨ ਵਿਦੇਸ਼ਾਂ ਤੋਂ ਦੇਸ਼ ਪਰਤੇ ਹਨ ਤੇ ਅਜੇ ਕੁੱਝ ਹੋਰ ਵਾਪਿਸ ਆਉਣੇ ਬਾਕੀ ਹਨ। ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਇੱਕ ਵੱਖਰੀ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਅੰਦਾਜ਼ਨ 30 ਦੇਸ਼ਾਂ ਤੋਂ 40 ਉਡਾਨਾਂ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਕੈਨੇਡੀਅਨ ਵਾਪਿਸ ਆ ਚੁੱਕੇ ਹਨ।

ਆਉਣ ਵਾਲੇ ਦਿਨਾਂ ਵਿੱਚ ਕੁੱਝ ਹੋਰ ਉਡਾਨਾ ਰਾਹੀਂ ਕੈਨੇਡੀਅਨਾਂ ਨੂੰ ਪੇਰੂ, ਕੋਲੰਬੀਆ, ਭਾਰਤ, ਪਾਕਿਸਤਾਨ, ਪੋਲੈਂਡ, ਕਿਊਬਾ, ਤ੍ਰਿਨੀਦਾਦ ਤੇ ਟੋਬੈਗੋ ਦੇ ਨਾਲ ਨਾਲ ਵੱਖ ਵੱਖ ਅਫਰੀਕੀ ਦੇਸ਼ਾਂ ਤੋਂ ਕੈਨੇਡਾ ਵਾਪਿਸ ਲਿਆਂਦਾ ਜਾਵੇਗਾ। ਇਨ੍ਹਾਂ ਕੈਨੇਡੀਅਨਾਂ ਨੂੰ 14 ਦਿਨਾਂ ਲਈ ਸੈਲਫ ਆਈਸੋਲੇਸ਼ਨ ਵਿੱਚ ਰਹਿਣਾ ਹੋਵੇਗਾ। ਉਨ੍ਹਾਂ ਨੂੰ ਏਅਰਪੋਰਟ ਤੋਂ ਸਿੱਧਾ ਆਪਣੇ ਘਰਾਂ ਨੂੰ ਜਾਣਾ ਹੋਵੇਗਾ। ਨਾ ਉਹ ਗਰੌਸਰੀ ਦੀ ਸ਼ਾਪਿੰਗ ਲਈ, ਨਾ ਹੀ ਫਾਰਮੇਸੀ ਜਾਂ ਹੋਰਨਾਂ ਜਨਤਕ ਥਾਂਵਾਂ ਉੱਤੇ ਕਿਤੇ ਰੁਕ ਸਕਣਗੇ।

ਜਦੋਂ ਆਊਟਬ੍ਰੇਕ ਪਹਿਲਾਂ ਹੋਈ ਤਾਂ ਟਰੈਵਲ ਹੀ ਵਾਇਰਸ ਦੇ ਫੈਲਣ ਦਾ ਸੱਭ ਤੋਂ ਵੱਡਾ ਸਰੋਤ ਸੀ। ਇੱਕ ਹਫਤੇ ਪਹਿਲਾਂ ਹੀ ਕਮਿਊਨਿਟੀ ਸਪਰੈੱਡ ਵਿੱਚ ਵਾਧਾ ਹੋਇਆ ਹੈ। ਕੈਨੇਡਾ ਦੇ ਚੀਫ ਪਬਲਿਕ ਹੈਲਥ ਅਧਿਕਾਰੀਆਂ ਡਾ. ਥਰੇਸਾ ਟੈਮ ਨੇ ਉਸ ਸਮੇਂ ਆਖਿਆ ਸੀ ਕਿ ਹੁਣ ਇਹ ਵਾਇਰਸ ਕੈਨੇਡਾ ਦੇ ਅੰਦਰ ਹੀ ਫੈਲਣਾ ਸ਼ੁਰੂ ਹੋ ਚੁੱਕਿਆ ਹੈ। ਪਰ ਟਰੂਡੋ ਨੂੰ ਡਰ ਹੈ ਕਿ ਅਜੇ ਵੀ ਵਿਦੇਸ਼ਾਂ ਤੋਂ ਪਰਤਣ ਵਾਲਿਆਂ ਰਾਹੀਂ ਇਹ ਵਾਇਰਸ ਫੈਲਣ ਦਾ ਡਰ ਜ਼ਿਆਦਾ ਹੈ।

# ਕੈਨੇਡਾ ਵਿੱਚ ਕੋਵਿਡ-19 ਦੇ ਮਾਮਲੇ 10,000 ਦਾ ਅੰਕੜਾ ਟੱਪੇ



ਓਟਵਾ, 2 ਅਪਰੈਲ (ਪੋਸਟ ਬਿਊਰੋ) : ਕੈਨੇਡਾ ਵਿੱਚ ਕੋਵਿਡ-19 ਕੇਸਾਂ ਦੀ ਗਿਣਤੀ ਹੁਣ 10,000 ਤੋਂ ਟੱਪ ਗਈ ਹੈ। ਸੱਭ ਤੋਂ ਵੱਧ ਮਾਮਲੇ ਕਿਊਬਿਕ ਵਿੱਚ ਵੇਖਣ ਨੂੰ ਮਿਲ ਰਹੇ ਹਨ।

ਵੀਰਵਾਰ ਸਵੇਰੇ ਕੋਵਿਡ-19 ਦੇ ਉਨ੍ਹਾਂ ਮਾਮਲਿਆਂ ਦੀ ਗਿਣਤੀ ਅਜੇ 9000 ਹੀ ਸੀ ਜਿਨ੍ਹਾਂ ਦੀ ਪੁਸ਼ਟੀ ਹੋ ਚੁੱਕੀ ਸੀ। ਇਸ ਤੋਂ ਬਾਅਦ ਓਨਟਾਰੀਓ ਹੈਲਥ ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਤਾਜ਼ਾ ਅੰਕੜੇ ਜਾਰੀ ਕਰਨ ਤੋਂ ਬਾਅਦ ਇਹ ਗਿਣਤੀ 10,132 ਤੱਕ ਅੱਪੜ ਗਈ। ਹੁਣ ਤੱਕ 127 ਮੌਤਾਂ ਹੋ ਚੁੱਕੀਆਂ ਹਨ ਤੇ ਦੇਸ਼ ਭਰ ਵਿੱਚ 1500 ਅਜਿਹੇ ਮਰੀਜ਼ ਹਨ ਜਿਹੜੇ ਇਸ ਵਾਇਰਸ ਨੂੰ ਹਰਾ ਕੇ ਸਿਹਤਯਾਬ ਹੋ ਚੁੱਕੇ ਹਨ। ਤਾਜ਼ਾ ਰਿਪੋਰਟਾਂ ਅਨੁਸਾਰ ਕਿਊਬਿਕ ਵਿੱਚ ਵਾਇਰਸ ਦੇ 4500 ਤੋਂ ਵੀ ਵੱਧ ਮਾਮਲੇ ਹਨ ਜਦਕਿ ਓਨਟਾਰੀਓ ਵੱਲੋਂ ਆਪਣੇ 2700 ਮਾਮਲਿਆਂ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦੌਰਾਨ ਕੌਮਾਂਤਰੀ ਪੱਧਰ ਉੱਤੇ ਕੋਵਿਡ-19 ਦੇ ਮਾਮਲੇ ਇੱਕ ਮਿਲੀਅਨ ਤੋਂ ਵੀ ਟੱਪ ਗਏ ਹਨ। ਇਨ੍ਹਾਂ ਵਿੱਚ ਇੱਕਲੇ ਯੂਰਪ ਵਿੱਚ 500,000 ਤੋਂ ਵੱਧ ਮਾਮਲੇ ਹਨ।

ਵੀਰਵਾਰ ਨੂੰ ਸਪੇਨ ਵੱਲੋਂ ਦਿੱਤੇ ਗਏ ਅੰਕੜਿਆਂ ਅਨੁਸਾਰ ਉੱਥੇ ਪਿਛਲੇ 24 ਘੰਟਿਆਂ ਵਿੱਚ 950 ਮੌਤਾਂ ਹੋਈਆਂ, ਇਸ ਨਾਲ ਉੱਥੇ ਹੋਣ ਵਾਲੀਆਂ ਮੌਤਾਂ ਦੀ ਕੁੱਲ ਗਿਣਤੀ 10,000 ਦਾ ਅੰਕੜਾ ਟੱਪ ਗਈ।

...ਬਾਕੀ ਪੰਨਾ 6 'ਤੇ

# ਟੋਰਾਂਟੋ ਦੇ ਪਾਰਕਾਂ ਵਿੱਚ ਦੋ ਮੀਟਰ ਦਾ ਫਾਸਲਾ ਰੱਖ ਕੇ ਤੁਰਨ ਦਾ ਨਿਯਮ ਹੋਇਆ ਲਾਗੂ

## ਉਲੰਘਣਾਂ ਕਰਨ ਵਾਲੇ ਨੂੰ ਹੋ ਸਕਦਾ ਹੈ 5000 ਡਾਲਰ ਦਾ ਜ਼ੁਰਮਾਨਾ



ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਪਬਲਿਕ ਪਾਰਕ ਜਾਂ ਸਕੁਏਅਰ ਵਿੱਚ ਕਿਸੇ ਦੂਜੇ ਵਿਅਕਤੀ ਤੋਂ ਦੋ ਮੀਟਰ ਦਾ ਫਾਸਲਾ ਰੱਖੇ ਬਿਨਾਂ ਤੁਰਦਿਆਂ ਪਾਏ ਜਾਣ ਵਾਲੇ ਸ਼ਖਸ ਨੂੰ 5000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀਰਵਾਰ ਦੁਪਹਿਰ ਨੂੰ ਆਪਣੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੋਇਆਂ ਫਿਜ਼ੀਕਲ ਡਿਸਟੈਂਸਿੰਗ ਸਬੰਧੀ ਨਵੇਂ ਬਾਇਲਾਅ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਦੁਖ ਹੈ

...ਬਾਕੀ ਪੰਨਾ 6 'ਤੇ

# ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖ਼ੂਪੁਰਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖ਼ੂਪੁਰਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here To Reach Wider Audience (905)793-2202

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steeles Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks / Credit Unions || Private Lenders || Second Mortgages-Lowest 6.99%
The Mortgage Centre | AvonFinancial
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Tel: 905-913-2355 Fax: 905-913-2244
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Super Visa Insurance · Visitor Visa Insurance · Travel Insurance · Student Insurance · New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax · Accounting / Bookkeeping · Business Registrations · HST/WSIB/Payroll · Financial Statements/Audits · Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
100% Success rate for bed bug Treatment · Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional, Reliable & Experienced**
Services: Painting · Drywalls · Plumbing · Electrical · Flooring
Complete Basement Renovation · Kitchen & Washrooms · Concrete Services (Driveways & Sidewalks)
5-10% DISCOUNT
Note: Complete basement (passed by city) Certified GasTechnician
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
Criminal and Family Law · Immigration · Real Estate · Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
Cell: 437 998 1429
LOCATIONS: 10510 Torbram Rd Unit-JJ, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration · Family Law · Corporate · Real Estate · Business Closing · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
Custom Kitchen Cabinets · Completly Furnished · Legal Basement · Painting & Flooring
Jaswant Sehmbi: 647.524.0885




GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਤੁਰ ਗਿਆ ਆਦਮੀ ਬੜੇ ਸਤਿਕਾਰ ਵਾਲਾ,
ਬਿਮਾਰੀ ਚੰਦਰੀ ਸੀ ਲੈ ਲਈ ਜਾਨ ਮੀਆਂ।
ਉਹਦੀ ਮਹਿਮਾ ਸੀ ਸੁਣੀਂਦੀ ਚਹੁੰ ਤਰਫੀਂ,
ਸੁਣਿਆ ਚੰਗਾ ਸੀ ਬੜਾ ਇਨਸਾਨ ਮੀਆਂ।
ਚੱਲਦੀ ਚਰਚਾ ਸੀ ਉਹਦੇ ਕਿਰਦਾਰ ਬਾਰੇ,
ਸਾਰੇ ਈ ਕਹਿਣ ਜੀ ਬਹੁਤ ਮਹਾਨ ਮੀਆਂ।
ਕਰਨਾ ਜਦੋਂ ਸੀ ਅੰਤਮ ਸੰਸਕਾਰ ਉਹਦਾ,
ਮਿਲਣਾ ਹੋ ਗਿਆ ਔਖਾ ਸ਼ਮਸ਼ਾਨ ਮੀਆਂ।
ਵਿਗੜਿਆ ਸਮਾਂ, ਸੰਸਾਰ ਤੋਂ ਤੁਰਨ ਮੌਕੇ,
ਕਿਰਦਾਰ ਭੁੱਲ ਕੇ ਹੁੰਦੀ ਹੈ ਰੋਗ ਦੀ ਗੱਲ।
ਲੱਗ ਪਿਆ ਹੋਣ ਸ਼ਮਸ਼ਾਨਾਂ ਦਾ ਬੰਦ ਬੂਹਾ,
ਕਰਨੀ ਭੁੱਲੀ ਪਈ ਮਿੱਤਰੋ ਸੋਗ ਦੀ ਗੱਲ।

ਤੀਸ ਮਾਰ ਖਾਂ

# ਟਰੱਕਿੰਗ ਸੈਕਟਰ ਦੇ ਸਮਰਥਨ ਵਿੱਚ ਨਿੱਤਰੀ ਓਨਟਾਰੀਓ ਸਰਕਾਰ




ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਅੱਜ ਡਿਪਟੀ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਅਤੇ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਇੱਕ ਬਿਆਨ ਜਾਰੀ ਕਰਕੇ ਕੋਵਿਡ-19 ਆਊਟਬ੍ਰੇਕ ਦੌਰਾਨ ਟਰੱਕ ਡਰਾਈਵਰਾਂ ਦੇ ਸਮਰਥਨ ਵਿੱਚ ਬਿਆਨ ਜਾਰੀ ਕੀਤਾ।

ਇਸ ਬਿਆਨ ਵਿੱਚ ਆਖਿਆ ਗਿਆ ਕਿ ਅਜਿਹੇ ਮੁਸ਼ਕਲ ਹਾਲਾਤ ਵਿੱਚ ਸਾਡੇ ਕੋਲ ਵਿਲੱਖਣ ਹੀਰੋਜ਼ ਹਨ। ਇਹ ਹੀਰੋ ਕੋਈ ਹੋਰ ਨਹੀਂ ਸਗੋਂ ਸਾਡੇ ਟਰੱਕ ਡਰਾਈਵਰ ਹਨ। ਉਹ ਓਨਟਾਰੀਓ ਦੇ ਪਰਿਵਾਰਾਂ ਲਈ ਦਿਨ ਦੇ ਕਈ ਘੰਟਿਆਂ ਤੱਕ ਕੰਮ ਕਰਦੇ ਹਨ, ਦਿਨ ਰਾਤ ਫੂਡ, ਹੋਰ ਸਾਜ਼ੋ ਸਮਾਨ ਤੇ ਹੋਰ ਸਪਲਾਈਜ਼ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਂਦੇ ਹਨ। ਸਾਡੇ ਟਰੱਕ ਡਰਾਈਵਰਾਂ ਨੂੰ ਸਾਡੇ ਸਨਮਾਨ, ਸਹਿਯੋਗ ਤੇ ਸਾਡੇ ਵੱਲੋਂ ਬੋਲੇ ਜਾਣ ਵਾਲੇ ਧੰਨਵਾਦ ਦੇ ਦੋ ਬੋਲਾਂ ਦੀ ਲੋੜ ਹੈ ਤਾਂ ਕਿ ਉਹ ਇਹ ਯਕੀਨੀ ਬਣਾ ਸਕਨ ਕਿ ਸਾਡੇ ਘਰਾਂ ਵਿੱਚ ਖਾਣਾ ਪਹੁੰਚਦਾ ਰਹੇ ਤੇ ਹੋਰ ਲੋੜੀਂਦੀਆਂ ਵਸਤਾਂ ਪਹੁੰਚਦੀਆਂ ਰਹਿਣ।

ਪਰ ਟਰੱਕਿੰਗ ਇੰਡਸਟਰੀ ਨਾਲ ਕੰਮ ਕਰਨ ਵਾਲਿਆਂ ਤੋਂ ਸਾਨੂੰ ਇਹ ਵੀ ਪਤਾ ਲੱਗਿਆ ਹੈ ਕਿ ਸੜਕਾਂ ਉੱਤੇ ਸਫਰ ਕਰਦੇ ਸਮੇਂ ਸਾਡੇ ਇਨ੍ਹਾਂ ਟਰੱਕ ਡਰਾਈਵਰਾਂ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੈ। ਇਸ ਲਈ ਅਸੀਂ ਸਾਰੇ ਕਾਰੋਬਾਰੀਆਂ ਨੂੰ ਉਸ ਸਮੇਂ ਇਨ੍ਹਾਂ ਟਰੱਕ ਡਰਾਈਵਰਾਂ ਨੂੰ ਸਪੋਰਟ ਕਰਨ ਲਈ ਆਖ ਰਹੇ ਹਾਂ ਜਦੋਂ ਉਹ ਆਰਾਮ ਕਰਨ ਲਈ, ਗੈਸ ਭਰਵਾਉਣ ਲਈ ਜਾਂ ਵਾਸ਼ਰੂਮਜ਼ ਦੀ ਵਰਤੋਂ ਕਰਨ ਲਈ ਰੁਕਦੇ ਹਨ। ਇਸ ਨਾਲ ਸਾਡੇ ਟਰੱਕ ਡਰਾਈਵਰ ਸੜਕਾਂ ਉੱਤੇ ਸੇਫ ਤੇ ਹੈਲਦੀ ਰਹਿ ਸਕਣਗੇ।

ਸਰਕਾਰ ਹੋਣ ਨਾਤੇ ਅਸੀਂ ਟਰੱਕ ਡਰਾਈਵਰਾਂ ਨੂੰ ਦਰਪੇਸ਼ ਮੁੱਦਿਆਂ ਦੇ ਸਬੰਧ ਵਿੱਚ ਉਨ੍ਹਾਂ ਨਾਲ ਤੇ ਐਸੋਸਿਏਸ਼ਨਜ਼ ਨਾਲ ਰਲ ਕੇ ਕੰਮ ਕਰ ਰਹੇ ਹਾਂ। ਅਸੀਂ ਟਰੱਕ ਡਰਾਈਵਰਾਂ ਲਈ ਅਜਿਹੀਆਂ ਸੁਰੱਖਿਅਤ ਥਾਂਵਾਂ ਦਾ ਇੰਤਜ਼ਾਮ ਕਰ ਰਹੇ ਹਾਂ ਜਿੱਥੇ ਉਹ ਦੋ ਘੜੀ ਰੁਕ ਕੇ ਅਰਾਮ ਕਰ ਸਕਣ। ਇਸ ਦੇ ਨਾਲ ਹੀ 23 ਆਨਰੂਟ ਟਰੈਵਲ ਪਲਾਜ਼ਾਜ਼ ਨੂੰ ਵੀ ਖੁੱਲ੍ਹਿਆਂ ਰੱਖਿਆ ਜਾ ਰਿਹਾ ਹੈ ਤਾਂ ਕਿ ਟੇਕ ਆਊਟ, ਗ੍ਰੈਬ ਐਂਡ ਗੋ ਤੇ ਡਰਾਈਵ ਥਰੂ ਸੇਵਾਵਾਂ ਜਾਰੀ ਰੱਖੀਆਂ ਜਾ ਸਕਣ। ਅਸੀਂ ਵਾਸ਼ਰੂਮਜ਼ ਨੂੰ ਵਧੇਰੇ ਸਾਫ ਸੁਥਰਾ ਰੱਖਣ ਤੇ 32 ਟਰੱਕ ਇੰਸਪੈਕਸ਼ਨ ਸਟੇਸ਼ਨਾਂ ਉੱਤੇ ਪੋਰਟੇਬਲ ਵਾਸ਼ਰੂਮ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਾਂ।

# ਦੋ ਬੇੜਿਆਂ ਉੱਤੇ ਫਸੇ ਕੈਨੇਡੀਅਨ ਜਲਦ ਪਹੁੰਚਣਗੇ ਘਰ : ਟਰੰਪ




ਫੋਰਟ ਲਾਡਰਡੇਲ, ਫਲੋਰਿਡਾ, 2 ਅਪਰੈਲ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦਾ ਕਹਿਣਾ ਹੈ ਕਿ ਸਾਡੀ ਅਜਿਹੀ ਯੋਜਨਾ ਹੈ ਕਿ ਦੋ ਕਰੂਜ਼ ਸ਼ਿੱਪਜ਼ ਉੱਤੇ ਸਵਾਰ 250 ਕੈਨੇਡੀਅਨਾਂ ਨੂੰ ਇਨ੍ਹਾਂ ਜਹਾਜ਼ਾਂ ਤੋਂ ਉਤਾਰ ਕੇ ਕੈਨੇਡਾ ਛੱਡ ਆਈਏ।

ਅਮਰੀਕੀ ਕੋਸਟ ਗਾਰਡ ਵੱਲੋਂ ਇਨ੍ਹਾਂ ਕਰੂਜ਼ ਸ਼ਿੱਪਜ਼ ਨੂੰ ਸਮੁੰਦਰ ਵਿੱਚ ਹੀ ਰਹਿਣ ਲਈ ਆਖਿਆ ਹੈ ਜਿੱਥੇ ਉਨ੍ਹਾਂ ਨੂੰ ਕਰੋਨਾਵਾਇਰਸ ਮਹਾਮਾਰੀ ਕਾਰਨ ਅਣਮਿੱਥੇ ਸਮੇਂ ਲਈ ਇੱਕਲਿਆਂ ਖੜ੍ਹਾ ਰੱਖਿਆ ਜਾਵੇਗਾ। ਪਰ ਟਰੰਪ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਐਮਐਸ ਜਾਨਡਾਮ ਤੇ ਰੌਟਰਡੈਮ ਜਹਾਜ਼ਾਂ ਤੋਂ ਕੈਨੇਡੀਅਨਾਂ ਨੂੰ ਆਪ ਲੈਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਬੁੱਧਵਾਰ ਨੂੰ ਆਪਣੀ ਰੋਜ਼ਾਨਾ ਪ੍ਰੈੱਸ ਬ੍ਰੀਫਿੰਗ ਵਿੱਚ ਟਰੰਪ ਨੇ ਆਖਿਆ ਕਿ ਬੇੜਿਆਂ ਉੱਤੇ ਸਵਾਰ ਯੂਨਾਈਟਿਡ ਕਿੰਗਡਮ ਦੇ ਨਾਗਰਿਕਾਂ ਲਈ ਵੀ ਇਸੇ ਤਰ੍ਹਾਂ ਕੀਤਾ ਜਾਵੇਗਾ।

ਰਾਸ਼ਟਰਪਤੀ ਦਾ ਕਹਿਣਾ ਹੈ ਕਿ ਜਹਾਜ਼ਾਂ ਵਿੱਚੋਂ ਆਪਣੇ ਮਹਿਮਾਨਾਂ ਨੂੰ ਲਿਜਾਣ ਲਈ ਦੂਜੇ ਦੇਸ਼ ਟਾਲਮਟੋਲ ਕਰਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਆਪਣਾ ਇਹ ਮੰਨਣਾ ਹੈ ਕਿ ਅਮਰੀਕਾ ਇਹ ਮਦਦ ਕਰਨੀ ਚਾਹੁੰਦਾ ਹੈ। ਟਰੰਪ ਨੇ ਆਖਿਆ ਕਿ ਇਸ ਸਮੇਂ ਇਨ੍ਹਾਂ ਬੇੜਿਆਂ ਵਿੱਚ ਸਵਾਰ ਲੋਕਾਂ ਨੂੰ ਸਿਹਤ ਸਬੰਧੀ ਕਾਫੀ ਦਿੱਕਤਾਂ ਹਨ ਪਰ ਸਾਨੂੰ ਕਿਤੇ ਨਾ ਕਿਤੇ ਤਾਂ ਸਾਂਝੇ ਵਿਚਾਰ ਰੱਖਣੇ ਹੀ ਹੋਣਗੇ। ਸਾਡੇ ਕੋਲ ਕੋਈ ਬਦਲ ਹੀ ਨਹੀਂ ਹੈ। ਅਸੀਂ ਇਹ ਨਹੀਂ ਕਰਨਾ ਚਾਹੁੰਦੇ ਪਰ ਸਾਨੂੰ ਅਜਿਹਾ ਕਰਨਾ ਪੈ ਰਿਹਾ ਹੈ। ਲੋਕ ਮਰ ਰਹੇ ਹਨ।

ਇਸ ਦੌਰਾਨ ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਹ ਆਖਿਆ ਗਿਆ ਸੀ ਕਿ ਜਾਨਡਾਮ ਵਿਚ 97 ਕੈਨੇਡੀਅਨ ਯਾਤਰੀ ਹਨ ਤੇ 150 ਕੈਨੇਡੀਅਨ ਰੌਟਰਡੈਮ ਉੱਤੇ ਸਵਾਰ ਹਨ। ਅਜੇ ਤੱਕ ਇਨ੍ਹਾਂ ਕੈਨੇਡੀਅਨ ਯਾਤਰੀਆਂ ਵਿੱਚੋਂ ਕਿਸੇ ਦੇ ਵੀ ਕੋਵਿਡ-19 ਤੋਂ ਸੰਕ੍ਰਮਿਤ ਹੋਣ ਦੀ ਪੁਸ਼ਟੀ ਨਹੀਂ ਹੋਈ ਹੈ।

# ਮਈ ਤੱਕ ਬੰਦ ਰਹਿਣਗੇ ਓਨਟਾਰੀਓ ਦੇ ਸਕੂਲ : ਫੋਰਡ



ਟੋਰਾਂਟੋ, 2 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਵਿਦਿਆਰਥੀਆਂ ਲਈ ਓਨਟਾਰੀਓ ਦੇ ਪਬਲਿਕ ਸਕੂਲ 4 ਮਈ ਤੱਕ ਬੰਦ ਰਹਿਣਗੇ। ਇਸ ਗੱਲ ਦੀ ਪੁਸ਼ਟੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਕੀਤੀ ਗਈ।

ਮੰਗਲਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਹਾਲਾਤ ਦਿਨ-ਬ-ਦਿਨ ਤੇ ਘੰਟਾ-ਦਰ-ਘੰਟਾ ਬਦਲ ਰਹੇ ਹਨ। ਆਪਣੇ ਬੱਚਿਆਂ ਦੀ ਹਿਫਾਜ਼ਤ ਲਈ ਲੋੜ ਪੈਣ ਉੱਤੇ ਸਕੂਲਾਂ ਨੂੰ ਇਸ ਮਿਤੀ ਤੋਂ ਅਗਾਂਹ ਵੀ ਬੰਦ ਕੀਤਾ ਜਾ ਸਕਦਾ ਹੈ। ਫੋਰਡ ਨੇ ਸਿੱਖਿਆ ਮੰਤਰੀ ਸਟੀਫਨ ਲਿਚੇ ਨਾਲ ਇਹ ਐਲਾਨ ਕਰਨ ਦੇ ਨਾਲ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਪ੍ਰੋਵਿੰਸ ਦੇ ਨਵੇਂ ਡਿਸਟੈਂਸ ਲਰਨਿੰਗ ਟੂਲਜ਼ ਦਾ ਖੁਲਾਸਾ ਵੀ ਕੀਤਾ।

ਸਰਕਾਰ ਅਨੁਸਾਰ ਲਰਨ ਐਟ ਹੋਮ ਪ੍ਰੋਗਰਾਮ ਦੇ ਦੂਜੇ ਪੜਾਅ ਵਿੱਚ ਘਰ ਵਿੱਚ ਰਹਿ ਕੇ ਹਾਸਲ ਕੀਤੀ ਜਾਣ ਵਾਲੀ ਸਿੱਖਿਆ ਲਈ ਹਰ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿੰਡਰਗਾਰਟਨ ਤੋਂ 12 ਕਲਾਸ ਤੱਕ ਦੇ ਵਿਦਿਆਰਥੀ ਕਲਾਸਾਂ ਤੋਂ ਦੂਰ ਰਹਿੰਦੇ ਸਮੇਂ ਪੂਰੀ ਤਰ੍ਹਾਂ ਸਾਜ਼ੋ ਸਮਾਨ ਨਾਲ ਲੈਸ ਹੋਣ।

ਸਰਕਾਰ ਦਾ ਨਵਾਂ ਪ੍ਰੋਗਰਾਮ ਚਾਰ ਗ੍ਰੇਡ ਗਰੁੱਪਾਂ ਵਿੱਚ ਵੰਡਿਆ ਹੋਇਆ ਹੈ, ਜਿਸ ਵਿਚ ਕਿੰਡਰਗਾਰਟਨ ਤੋਂ 3 ਗ੍ਰੇਡ, 4 ਤੋਂ 6 ਗ੍ਰੇਡਜ਼, 7 ਤੋਂ 8 ਗ੍ਰੇਡਜ਼ ਤੇ 9 ਤੋਂ 12 ਗ੍ਰੇਡਜ਼ ਸ਼ਾਮਲ ਹਨ।

ਕਿੰਡਰਗਾਰਟਨ ਤੋਂ 3 ਗ੍ਰੇਡ
- ਪੰਜ ਘੰਟਿਆਂ ਦਾ ਕੰਮ ਪ੍ਰਤੀ ਵਿਦਿਆਰਥੀ, ਹਰ ਹਫਤੇ ਹੋਵੇਗਾ ਤੇ ਖਾਸ ਧਿਆਨ ਲਿਟਰਸੀ ਤੇ ਮੈਥਸ ਉੱਤੇ ਦਿੱਤਾ ਜਾਵੇਗਾ।

ਗ੍ਰੇਡਜ਼ 4 ਤੋਂ 6
- ਪੰਜ ਘੰਟਿਆਂ ਦਾ ਕੰਮ ਪ੍ਰਤੀ ਵਿਦਿਆਰਥੀ, ਹਰ ਹਫਤੇ ਹੋਵੇਗਾ ਤੇ ਖਾਸ ਧਿਆਨ ਲਿਟਰਸੀ, ਮੈਥਸ, ਸਾਇੰਸ ਤੇ ਸੋਸ਼ਲ ਸਟਡੀਜ਼ ਉੱਤੇ ਦਿੱਤਾ ਜਾਵੇਗਾ।

ਗ੍ਰੇਡਜ਼ 7 ਤੋਂ 8
- ਦਸ ਘੰਟਿਆਂ ਦਾ ਕੰਮ ਪ੍ਰਤੀ ਵਿਦਿਆਰਥੀ, ਹਰ ਹਫਤੇ ਹੋਵੇਗਾ ਤੇ ਖਾਸ ਧਿਆਨ ਲਿਟਰਸੀ, ਮੈਥਸ, ਸਾਇੰਸ ਤੇ ਸੋਸ਼ਲ ਸਟਡੀਜ਼ ਉੱਤੇ ਦਿੱਤਾ ਜਾਵੇਗਾ।

ਗ੍ਰੇਡਜ਼ 9 ਤੋਂ 12
- ਤਿੰਨ ਘੰਟਿਆਂ ਦਾ ਕੰਮ ਸਮੈਸਟਰਡ ਵਿਦਿਆਰਥੀਆਂ ਲਈ ਹਰ ਕੋਰਸ, ਹਰ ਹਫਤੇ ਹੋਵੇਗਾ ਤੇ ਡੇਢ ਘੰਟਿਆਂ ਦਾ ਕੰਮ ਗੈਰ ਸਮੈਸਟਰਡ ਵਿਦਿਆਰਥੀਆਂ ਲਈ ਹਰ ਕੋਰਸ, ਹਰ ਹਫਤੇ ਹੋਵੇਗਾ ਖਾਸ ਧਿਆਨ ਕ੍ਰੈਡਿਟਸ/ਕੰਪਲੀਸ਼ਨ/ਗ੍ਰੈਜੂਏਸ਼ਨ ਉੱਤੇ ਦਿੱਤਾ ਜਾਵੇਗਾ।

ਸਰਕਾਰ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਕੋਵਿਡ-19 ਮਹਾਮਾਰੀ ਕਾਰਨ ਕਿਸੇ ਵੀ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਨਾਲ ਸਮਝੌਤਾ ਨਹੀਂ ਕਰਨਾ ਹੋਵੇਗਾ। ਇਸ ਦੌਰਾਨ ਸਿੱਖਿਆ ਮੰਤਰੀ ਲਿਚੇ ਨੇ ਆਖਿਆ ਕਿ ਲਰਨ ਐਟ ਹੋਮ ਪ੍ਰੋਗਰਾਮ ਦੇ ਤਕਨੀਕੀ ਪੱਖਾਂ ਦੇ ਸਬੰਧ ਵਿੱਚ ਜੇ ਗੱਲ ਕੀਤੀ ਜਾਵੇ ਤਾਂ ਅਧਿਆਪਕ ਫੋਨਜ਼, ਵੀਡੀਓ ਕਾਨਫਰੰਸਿੰਗ ਤੇ ਈਮੇਲ ਨਾਲ ਵਿਦਿਆਰਥੀਆਂ ਨਾਲ ਰਾਬਤਾ ਰੱਖਣਗੇ ਤੇ ਨਾਲ ਦੀ ਨਾਲ ਪਾਠਕ੍ਰਮ ਦੇ ਹਿੱਸੇ ਵੀ ਮੁਕੰਮਲ ਕਰਵਾਉਣਗੇ।

# ਜੇ ਐਂਡ ਜੇ ਕਰੋਨਾਵਾਇਰਸ ਸਬੰਧੀ ਤਿਆਰ ਵੈਕਸੀਨ ਦਾ ਮਨੁੱਖੀ ਟਰਾਇਲ ਇਸੇ ਸਾਲ ਕਰੇਗੀ



ਵਾਸ਼ਿੰਗਟਨ, 2 ਅਪ੍ਰੈਲ (ਪੋਸਟ ਬਿਊਰੋ) : ਜੌਹਨਸਨ ਐਂਡ ਜੌਹਨਸਨ ਨੇ ਸੋਮਵਾਰ ਨੂੰ ਆਖਿਆ ਕਿ ਉਨ੍ਹਾਂ ਵਲੋਂ ਕਰੋਨਾਵਾਇਰਸ ਲਈ ਵੈਕਸੀਨ ਦੀ ਚੋਣ ਕਰ ਲਈ ਗਈ ਹੈ। ਇਸ ਲਈ ਮਨੁਖੀ ਟਰਾਇਲ ਸਤੰਬਰ ਤੋਂ ਸੁਰੂ ਹੋ ਜਾਣਗੇ ਤੇ ਇਹ ਅਗਲੇ ਸਾਲ ਤੋਂ ਐਮਰਜੰਸੀ ਵਿਚ ਵਰਤੋਂ ਲਈ ਤਿਆਰ ਹੋਵੇਗੀ।

ਫਾਰਮਾਸਿਊਟੀਕਲ ਕੰਪਨੀ ਨੇ ਇਸ ਕੋਸਿਸ ਲਈ ਇਕ ਬਿਲੀਅਨ ਡਾਲਰ ਨਿਵੇਸ ਕਰਨ ਲਈ ਅਮਰੀਕੀ ਸਰਕਾਰ ਦੀ ਬਾਇਓਮੈਡੀਕਲ ਐਡਵਾਂਸਡ ਰਿਸਰਚ ਐਂਡ ਡਿਵੈਲਪਮੈਂਟ ਅਥਾਰਟੀ ਨਾਲ ਸਮਝੌਤੇ ਉਤੇ ਸਹੀ ਪਾਈ ਹੈ। ਇਹ ਖੁਲਾਸਾ ਬਿਆਨ ਵਿਚ ਕੀਤਾ ਗਿਆ। ਜੇਐਂਡਜੇ ਵਲੋਂ ਇਸ ਇਨਵੈਸਟੀਗੇਸਨਲ ਵੈਕਸੀਨ ਏਡੀ26 ਸਾਰਸ-ਕੋਵ-2 ਉਤੇ ਜਨਵਰੀ ਵਿਚ ਹੀ ਕੰਮ ਸੁਰੂ ਕਰ ਦਿਤਾ ਗਿਆ ਸੀ। ਇਸ ਵਿਚ ਵੀ ਉਹੀ ਤਕਨਾਲੋਜੀ ਵਰਤੀ ਜਾ ਰਹੀ ਹੈ ਜਿਹੜੀ ਈਬੋਲਾ ਲਈ ਵੈਕਸੀਨ ਤਿਆਰ ਕਰਨ ਲਈ ਵਰਤੀ ਗਈ ਸੀ।

ਇਸ ਵਿਚ ਵਾਇਰਸ ਦੇ ਡੀਐਕਟੀਵੇਟਿਡ ਵਰਜਨ ਦੀ ਵਰਤੋਂ ਕਰਕੇ ਮਨੁਖੀ ਇਮਿਊਨ ਸਿਸਟਮ ਨੂੰ ਪ੍ਰਤੀਕਿਰਿਆ ਕਰਨ ਲਈ ਉਕਸਾਇਆ ਜਾਂਦਾ ਹੈ। ਕੰਪਨੀ ਨੇ ਆਖਿਆ ਕਿ ਉਸ ਵਲੋਂ ਅਮਰੀਕਾ ਤੇ ਹੋਰਨਾਂ ਦੇਸਾਂ ਵਿਚ ਆਪਣੀ ਗਲੋਬਲ ਉਤਪਾਦਨ ਸਮਰਥਾ ਵਧਾਈ ਜਾ ਰਹੀ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੋਵਿਡ-19 ਬਾਰੇ ਸਰਕਾਰਾਂ ਵੱਧ ਤੋਂ ਵੱਧ ਪਾਰਦਰਸ਼ਤਾ ਤੋਂ ਕੰਮ ਲੈਣ : ਗੁਡੇਲ



ਓਟਵਾ, 2 ਅਪ੍ਰੈਲ (ਪੋਸਟ ਬਿਊਰੋ) : ਕੋਵਿਡ-19 ਬਾਰੇ ਅਪਣਾਏ ਜਾ ਰਹੇ ਮਾਪਦੰਡਾਂ ਬਾਰੇ ਸਰਕਾਰਾਂ ਨੂੰ ਵੱਧ ਤੋਂ ਵੱਧ ਪਾਰਦਰਸ਼ਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਗੱਲ ਸਾਬਕਾ ਲਿਬਰਲ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਵੱਲੋਂ ਆਖੀ ਗਈ।

ਇੱਕ ਇੰਟਰਵਿਊ ਵਿੱਚ ਗੁਡੇਲ ਨੇ ਆਖਿਆ ਕਿ ਸਰਕਾਰਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਲੋਕਾਂ ਵਾਸਤੇ ਉਨ੍ਹਾਂ ਦੇ ਵਿੱਚ ਹੀ ਰਹਿਣ, ਉਨ੍ਹਾਂ ਲਈ ਕੰਮ ਕਰਨ ਲਈ ਤਿਆਰ ਰਹਿਣ ਤੇ ਲੋਕਾਂ ਦੀ ਪਹੁੰਚ ਵਿੱਚ ਹੋਣ ਪਰ ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਇਹ ਵੀ ਜ਼ਰੂਰੀ ਹੈ ਕਿ ਲੋਕਾਂ ਨੂੰ ਵੀ ਸਰਕਾਰ ਵਿੱਚ ਤੇ ਸਿਸਟਮ ਵਿੱਚ ਇਹ ਭਰੋਸਾ ਹੋਵੇ ਕਿ ਉਹ ਉਨ੍ਹਾਂ ਲਈ ਹੀ ਕੰਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਲਿਬਰਲਾਂ ਦੀ ਉਸ ਸਮੇਂ ਕਾਫੀ ਆਲੋਚਨਾ ਹੋਈ ਸੀ ਜਦੋਂ ਉਨ੍ਹਾਂ ਨੇ ਆਪਣੇ ਕੋਵਿਡ-19 ਐਮਰਜੰਸੀ ਏਡ ਬਿੱਲ ਵਿੱਚ ਇਹ ਪ੍ਰਾਵਧਾਨ ਜੋੜਿਆ ਸੀ ਕਿ ਅਗਲੇ 21 ਮਹੀਨਿਆਂ ਲਈ ਪਾਰਲੀਆਮੈਂਟ ਦੀ ਮਨਜ਼ੂਰੀ ਤੋਂ ਬਿਨਾਂ ਪੈਸੇ ਇੱਕਠੇ ਕਰਨ ਤੇ ਉਨ੍ਹਾਂ ਨੂੰ ਖਰਚਣ ਦੀ ਸ਼ਕਤੀ ਸਰਕਾਰ ਨੂੰ ਹੋਵੇ। ਪਰ ਇਸ ਉੱਤੇ ਇਤਰਾਜ਼ ਪ੍ਰਗਟਾਉਂਦਿਆਂ ਵਿਰੋਧੀ ਧਿਰ ਨੇ ਇਸ ਬਿੱਲ ਵਿੱਚ ਤਬਦੀਲੀ ਕਰਨ ਦੀ ਮੰਗ ਕੀਤੀ। ਹੁਣ ਇਹ ਪ੍ਰਬੰਧ ਸਤੰਬਰ ਦੇ ਅੰਤ ਵਿੱਚ ਖਤਮ ਹੋਣਗੇ। ਗੁਡੇਲ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਸੱਚਮੁੱਚ ਨਹੀਂ ਪਤਾ ਕਿ ਸਰਕਾਰ ਇਸ ਤਰ੍ਹਾਂ ਦਾ ਵਿਸ਼ੇਸ਼ ਅਧਿਕਾਰ ਚਾਹੁੰਦੀ ਹੈ। ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸਰਕਾਰ ਕੁੱਝ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਗੋਂ ਉਨ੍ਹਾਂ ਵੱਲੋਂ ਤਾਂ ਇਹ ਬਿਲ ਸਮੇਂ ਤੋਂ ਪਹਿਲਾਂ ਪੇਸ਼ ਕੀਤਾ ਗਿਆ ਹੈ। ਇਹ ਵਿਵਾਦ ਬੜਾ ਹੀ ਮੰਦਭਾਗਾ ਹੈ ਤੇ ਇਸ ਨਾਲ ਰਲ ਕੇ ਕੰਮ ਕਰਨ ਦੀ ਪ੍ਰਕਿਰਿਆ ਪਛੜ ਸਕਦੀ ਹੈ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਅਮਰੀਕਾ ਵਿਚ ਅਗਲੇ ਦੋ ਹਫ਼ਤਿਆਂ ਦੌਰਾਨ ਕੋਰੋਨਾ ਵਾਇਰਸ ਚਰਮ ਸੀਮਾ 'ਤੇ ਪੁੱਜ ਜਾਵੇਗਾ : ਯੂਨੀਵਰਸਿਟੀ ਆਫ ਵਾਸ਼ਿੰਗਟਨ

ਵਾਸ਼ਿੰਗਟਨ ( ਹੁਸਨ ਲੜੋਆ ਬੰਗਾ)- ਅੱਜ ਅਮਰੀਕਾ ਵਿੱਚ ਕਰੋਨਾਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਪੰਜ ਹਜਾਰ ਤੋਂ ਉਪਰ ਟੱਪ ਕੇ 5110 ਟੱਪ ਗਈ ਹੈ ਜੋ ਕੇ ਅਮਰੀਕਾ ਦੀਆਂ ਟੌਪ ਦੀਆਂ ਸਹਿਤ ਸੰਸਥਾਵਾਂ ਦੇ ਕਿਆਸ ਤੋਂ ਉਪਰ ਹੈ। ਦੂਸਰੇ ਪਾਸੇ ਯੂਨੀਵਰਸਿਟੀ ਆਫ ਵਾਸ਼ਿੰਗਟਨ ਨੇ ਆਪਣੇ ਅਧਿਅਨ ਵਿਚ ਕਿਹਾ ਹੈ ਕਿ ਜੇਕਰ ਸਮੁੱਚਾ ਰਾਸ਼ਟਰ ਕੋਰੋਨਾਵਾਇਰਸ ਨੂੰ ਰੋਕਣ ਲਈ ਹਰ ਸੰਭਵ ਯਤਨ ਕਰੇ ਤਾਂ ਵੀ ਅਗਲੇ ਦੋ ਹਫ਼ਤਿਆਂ ਦੌਰਾਨ ਇਹ ਆਪਣੀ ਚਰਮ ਸੀਮਾ 'ਤੇ ਪੁੱਜ ਜਾਵੇਗਾ। ਯੂਨੀਵਰਸਿਟੀ ਅਨੁਸਾਰ ਜਿਆਦਾਤਰ ਰਾਜਾਂ ਦੇ ਹਸਪਤਾਲ ਮਰੀਜ਼ਾਂ ਨਾਲ ਭਰ ਜਾਣਗੇ। ਯੂਨੀਵਰਸਿਟੀ ਅਨੁਸਾਰ ਅੱਧ ਅਪ੍ਰੈਲ ਤੱਕ ਰੋਜਾਨਾ 2214 ਮੌਤਾਂ ਹੋਣ ਦਾ ਅਨੁਮਾਨ ਹੈ। ਗਰਮੀਆਂ ਦੇ ਅੰਤ ਤੱਕ 84000 ਅਮਰੀਕੀਆਂ ਦੀ ਕੋਰੋਨਾਵ-ਾਇਰਸ ਨਾਲ ਮੌਤ ਹੋ ਜਾਣ ਦੀ ਸੰਭਾਵਨਾ ਹੈ ਜੋ ਕਿ 2018-19 ਦੇ ਫਲੂ ਸੀਜਨ ਦੌਰਾਨ ਹੋਈਆਂ ਮੌਤਾਂ



ਨਾਲੋਂ ਤਕਰੀਬਨ ਦੁੱਗਣੀਆਂ ਹੋਣਗੀਆਂ। ਉਸ ਸਮੇਂ 34000 ਲੋਕ ਫਲੂ ਨਾਲ ਮਾਰੇ ਗਏ ਸਨ। ਯੂਨੀਵਰਸਿਟੀ ਆਫ ਵਾਸ਼ਿੰਗਟਨ ਦੀ ਇੰਸਟੀਚਿਊਟ ਆਫ ਹੈਲਥ ਮੈਟਰਿਕਸ ਐਂਡ ਇਵੈਲਜੂਏਸ਼ਨ ਦੇ ਫਾਊਂਡਰ ਤੇ ਚੇਅਰ ਕ੍ਰਿਸਟੋਫਰ ਮੂਰੇ ਦੀ ਅਗਵਾਈ ਵਾਲੀ ਖੋਜ ਟੀਮ ਅਨੁਸਾਰ ਕੋਰੋਨਾਵ-ਾਇਰਸ ਨਾਲ ਸਮੁੱਚੇ ਅਮਰੀਕਾ ਵਿਚ ਮੌਤਾਂ ਦੀ ਗਿਣਤੀ 36000 ਤੋਂ 152000 ਤੱਕ ਹੋ ਸਕਦੀ ਹੈ। ਇਸ ਖੋਜ ਵਿਚ ਭਵਿੱਖਬਾਣੀ ਕੀਤੀ ਗਈ ਹੈ ਕਿ ਜੂਨ 11 ਤੋਂ ਪਹਿਲਾਂ ਮੌਤਾਂ ਦੀ ਗਿਣਤੀ ਘਟ ਕੇ ਰੋਜਾਨਾ 100 ਹੋ ਜਾਵੇਗੀ ਪਰੰਤੂ ਇਹ ਵੀ ਤਾਂ ਹੀ ਸੰਭਵ ਹੋਵੇਗਾ ਜੇਕਰ ਸਾਰੇ 50 ਰਾਜ ਇਸੇ ਹਫ਼ਤੇ ਤਿੰਨ ਜਾ ਚਾਰ ਕਦਮ ਚੁੱਕਣਗੇ। ਇਨਾਂ ਕਦਮਾਂ ਵਿਚ ਸਕੂਲ ਬੰਦ ਕਰਨੇ, ਗੈਰ ਜਰੂਰੀ ਸੇਵਾਵਾਂ ਬੰਦ ਕਰਨੀਆਂ, ਲੋਕਾਂ ਨੂੰ ਪਨਾਹ ਦੇਣੀ ਤੇ ਯਾਤਰਾ ਉਪਰ ਸਖਤ ਪਾਬੰਦੀਆਂ ਲਾਗੂ ਕਰਨੀਆਂ ਸ਼ਾਮਿਲ ਹਨ।

ਰੂਸ ਦਾ ਸਭ ਤੋਂ ਵੱਡਾ ਫੌਜੀ ਕਾਰਗੋ ਜਹਾਜ਼,ਮੈਡੀਕਲ ਸਪਲਾਈ ਲੈ ਕੇ ਅਮਰੀਕਾ ਪਹੁੰਚਿਆ:

ਰੂਸ ਦਾ ਸਭ ਤੋਂ ਵੱਡਾ ਫੌਜੀ ਕਾਰਗੋ ਜਹਾਜ਼, ਮੈਡੀਕਲ ਸਪਲਾਈ ਕਰਨ ਵਾਲਾ ਜਹਾਜ਼ ਐੱਫ ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅੱਜ ਉਤਰਿਆ। ਰਿਪੋਰਟਾਂ ਦੇ ਅਨੁਸਾਰ, ਇਹ ਜਹਾਜ਼ ਕੋਰੋਨਾਵ-ਾਇਰਸ, ਕੋਵਿਡ -19 ਦੇ ਵੱਧ ਰਹੇ ਫੈਲਾਅ ਦੀ ਅਮਰੀਕੀ ਲੜਾਈ ਵਿੱਚ ਸਹਾਇਤਾ ਲਈ ਨਿੱਜੀ ਸੁਰੱਖਿਆ ਉਪਕਰਣਾਂ ਅਤੇ ਹੋਰ ਸਪਲਾਈਆਂ ਦਾ ਭੰਡਾਰ ਲੈ ਕੇ ਇਥੇ ਪੁੱਜਾ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਵੀ ਇਸ ਸਮਾਨ ਦੀ ਸਪੁਰਦਗੀ ਬਾਰੇ ਟਵੀਟ ਕੀਤਾ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਯੂਐਸ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ ਨਾਲ ਫ਼ੋਨ ਦੀ ਗੱਲਬਾਤ ਤੋਂ ਬਾਅਦ ਸਮਾਨ ਨਾਲ ਭਰੇ ਸਮੁੰਦਰੀ ਜ਼ਹਾਜ਼ ਨੂੰ ਭੇਜਣ ਦਾ ਫੈਸਲਾ ਲਿਆ। ਟਵੀਟ ਵਿਚ ਕਿਹਾ ਗਿਆ ਹੈ ਕਿ ਸਾਡਾ ਮਕਸਦ ਮਹਾਂਮਾਰੀ ਦੀ ਲੜਾਈ ਲੜਨ ਅਤੇ ਅਮਰੀਕੀ ਨਾਗਰਿਕਾਂ ਦੀਆਂ ਜਾਨਾਂ ਬਚਾਉਣਾ ਹੈ।

# ਸ਼ੀਅਰ ਨੇ ਪਾਰਟੀ ਫੰਡ ਵਿੱਚੋਂ ਹੀ ਸਕੂਲ ਦੀ ਫੀਸ, ਕੱਪੜਿਆਂ ਤੇ ਮਿਨੀਵੈਨ ਉੱਤੇ ਕੀਤਾ ਖਰਚਾ : ਆਡਿਟ ਰਿਪੋਰਟ

ਓਟਵਾ, 2 ਅਪਰੈਲ (ਪੋਸਟ ਬਿਊਰੋ) : ਐਂਡਰਿਊ ਸ਼ੀਅਰ ਨੇ ਕੰਜ਼ਰਵੇਟਿਵ ਪਾਰਟੀ ਦੇ ਖਾਤੇ ਵਿੱਚੋਂ ਨਾ ਸਿਰਫ ਆਪਣੇ ਬੱਚਿਆਂ ਦੇ ਪ੍ਰਾਈਵੇਟ ਕੈਥੋਲਿਕ ਸਕੂਲ ਦੀ ਫੀਸ ਹੀ ਭਰੀ ਸਗੋਂ ਪ੍ਰਾਈਵੇਟ ਸਕਿਊਰਿਟੀ, ਵਾਧੂ ਹਾਊਸਕੀਪਰ, ਖੁਦ ਦੀ ਮਿਨੀਵੈਨ ਤੇ ਆਪਣੇ ਪਰਿਵਾਰ ਲਈ ਕੱਪੜੇ ਆਦਿ ਵੀ ਖਰੀਦੇ। ਇਹ ਖੁਲਾਸਾ ਅਹੁਦਾ ਛੱਡ ਰਹੇ ਪਾਰਟੀ ਦੇ ਆਗੂ ਦੇ ਖਰਚਿਆਂ ਬਾਰੇ ਪਾਰਟੀ ਵੱਲੋਂ ਕੀਤੇ ਗਏ ਮੁਲਾਂਕਣ ਵਿੱਚ ਹੋਇਆ।



ਸ਼ੀਅਰ ਦੇ ਖਰਚਿਆਂ ਦੇ ਆਡਿਟ ਵਿੱਚ ਪਾਇਆ ਗਿਆ ਕਿ ਸ਼ੀਅਰ ਦੇ ਬੱਚਿਆਂ ਦੀ ਪ੍ਰਾਈਵੇਟ ਸਕੂਲ ਟਿਊਸ਼ਨ ਫੀਸ, ਜੋ ਕਿ 18000 ਡਾਲਰ ਪ੍ਰਤੀ ਸਾਲ ਸੀ, ਦੀ ਅਦਾਇਗੀ ਨੂੰ ਬਕਾਇਦਾ ਕੰਜ਼ਰਵੇਟਿਵ ਪਾਰਟੀ ਵੱਲੋਂ ਦਰਜ ਕੀਤਾ ਗਿਆ ਪਰ ਇਸ ਨੂੰ ਪਾਰਟੀ ਦੇ ਆਰਥਿਕ ਮਾਮਲਿਆਂ ਦਾ ਲੇਖਾ ਜੋਖਾ ਰੱਖਣ ਵਾਲੇ ਗਰੁੱਪ, ਜਿਸ ਨੂੰ ਕੰਜ਼ਰਵੇਟਿਵ ਫੰਡ ਵਜੋਂ ਜਾਣਿਆ ਜਾਂਦਾ ਹੈ, ਨਾਲ ਸਾਂਝਾ ਨਹੀਂ ਕੀਤਾ ਗਿਆ।

ਪਾਰਟੀ ਦੇ ਬੁਲਾਰੇ ਕੋਰੀ ਹੈਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਆਡਿਟ ਮੁਕੰਮਲ ਹੋ ਚੁੱਕਿਆ ਹੈ ਤੇ ਇਸ ਦਾ ਮੁਲਾਂਕਣ ਪਾਰਟੀ ਦੀ ਨੈਸ਼ਨਲ ਕਾਊਂਸਲ ਵੱਲੋਂ ਕੀਤਾ ਜਾ ਚੁੱਕਿਆ ਹੈ। ਹੈਨ ਨੇ ਆਖਿਆ ਕਿ ਪਾਰਟੀ ਦੇ ਆਡਿਟ ਵਿੱਚ ਪਾਰਟੀ ਦੇ ਅਕਾਊਂਟਿੰਗ ਸਿਸਟਮ ਵਿੱਚ ਕੋਈ ਕਮੀਆਂ ਨਹੀਂ ਪਾਈਆਂ ਗਈਆਂ ਤੇ ਇਹ ਵੀ ਆਖਿਆ ਗਿਆ ਕਿ ਜਿਹੜੇ ਖਰਚੇ ਕੀਤੇ ਗਏ ਉਨ੍ਹਾਂ ਦੇ ਪੂਰੇ ਦਸਤਾਵੇਜ਼ ਵੀ ਤਿਆਰ ਕੀਤੇ ਗਏ। ਹੈਨ ਨੇ ਆਖਿਆ ਕਿ ਕੰਜ਼ਰਵੇਟਿਵ ਫੰਡ ਵੱਲੋਂ ਵੀ ਇਸ ਮਾਮਲੇ ਨੂੰ ਖ਼ਤਮ ਮੰਨਿਆ ਜਾ ਰਿਹਾ ਹੈ। ਇਸ ਆਡਿਟ ਦਾ ਫੈਸਲਾ ਪਿਛਲੇ ਸਾਲ ਕੀਤਾ ਗਿਆ ਸੀ।

ਸ਼ੀਅਰ ਦੀ ਥਾਂ ਲੈਣ ਲਈ ਲੀਡਰਸ਼ਿਪ ਮੁਕਾਬਲਾ 27 ਜੂਨ ਨੂੰ ਹੋਣਾ ਸੀ ਪਰ ਕੋਵਿਡ-19 ਮਹਾਮਾਰੀ ਕਾਰਨ ਇਹ ਹਾਲ ਦੀ ਘੜੀ ਟਲ ਗਿਆ ਹੈ। ਹਾਲਾਂਕਿ ਸ਼ੀਅਰ ਦੇ ਖਰਚਿਆਂ ਵਾਲਾ ਵਿਵਾਦ ਭਾਵੇਂ ਲੋਕਾਂ ਦੇ ਜ਼ਹਿਨ ਵਿੱਚੋਂ ਧੁੰਦਲਾ ਪੈ ਗਿਆ ਹੈ ਪਰ ਕੰਜ਼ਰਵੇਟਿਵ ਪਾਰਟੀ ਦੇ ਖੇਮਿਆਂ ਵਿੱਚ ਇਹ ਅਜੇ ਵੀ ਸੁਲਘ ਰਿਹਾ ਹੈ। ਜਿਹੜਾ ਪੈਸਾ ਸ਼ੀਅਰ ਵੱਲੋਂ ਖਰਚਿਆ ਗਿਆ ਉਹ ਸਿੱਧਾ ਡੋਨਰਜ਼ ਦੀ ਜੇਬ੍ਹ ਵਿੱਚੋਂ ਆਇਆ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਟੈਕਸ ਕ੍ਰੈਡਿਟ ਹਾਸਲ ਹੋਏ।

## ਭਾਰਤ ਵਿੱਚ ਕੋਰੋਨਾ ਦੇ ਪੀੜਤਾਂ ਦੀ ਗਿਣਤੀ 2500 ਤੋਂ ਟੱਪੀ, 73 ਮੌਤਾਂ

ਨਵੀਂ ਦਿੱਲੀ, 3 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੀ ਬਿਮਾਰੀ ਦੇ ਪੀੜਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸ਼ੁੱਕਰਵਾਰ ਸਵੇਰ ਹੋਣ ਤੱਕ ਦੇਸ਼ ਵਿੱਚ 343 ਨਵੇਂ ਕੇਸਾਂ ਨਾਲ ਕੋਰੋਨਾ ਪਾਜ਼ਿਟਿਵ ਕੇਸਾਂ ਦੀ ਗਿਣਤੀ 2500 ਤੋਂ ਵੱਧ ਹੋ ਗਈ ਹੈ ਤੇ ਇੱਕੋ ਦਿਨ 14 ਹੋਰ ਮੌਤਾਂ ਹੋਣ ਨਾਲ ਮ੍ਰਿਤਕਾਂ ਦੀ ਗਿਣਤੀ 73 ਹੋ ਗਈ ਹੈ। ਅੱਜ ਵੀਰਵਾਰ ਨੂੰ ਤਾਮਿਲ ਨਾਡੂ ਵਿੱਚ 75 ਕੇਸ ਪਾਜ਼ਿਟਿਵ ਮਿਲੇ ਹਨ, ਜਿਨ੍ਹਾਂ ਵਿੱਚੋਂ 74 ਜਣੇ ਦਿੱਲੀ ਦੇ ਮਰਕਜ਼ ਵਿੱਚ ਹਿੱਸਾ ਲੈ ਕੇ ਮੁੜੇ ਸਨ। ਇਸ ਰਾਜ ਵਿੱਚ ਪੀੜਤਾਂ ਦੀ ਗਿਣਤੀ 309 ਹੋ ਗਈ ਹੈ। ਆਂਧਰਾਂ ਪ੍ਰਦੇਸ਼ ਵਿੱਚ ਵੀਰਵਾਰ ਨੂੰ 32 ਨਵੇਂ ਕੇਸ ਪਤਾ ਲੱਗਣ ਨਾਲ ਕੁੱਲ ਗਿਣਤੀ 143 ਹੋ ਗਈ ਹੈ। ਇੱਥੇ ਪਾਜ਼ਿਟਿਵ ਨਿਕਲੇ ਸਾਰੇ ਨਵੇਂ ਕੇਸ ਤਬਲੀਗੀ ਜਮਾਤ ਦੇ ਮਰਕਜ਼ ਤੋਂ ਆਏ ਲੋਕ ਹਨ।

# ਕੋਰੋਨਾ ਦਾ ਕਹਿਰ: ਅਮਰੀਕਾ ਵਿੱਚ ਮ੍ਰਿਤਕਾਂ ਲਈ ਕਫਨ ਨਹੀਂ ਮਿਲਦੇ, 1 ਲੱਖ ਬਾਡੀ ਬੈਗ ਦਾ ਆਰਡਰ

ਵਾਸ਼ਿੰਗਟਨ, 3 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦਾ ਵਾਧਾ ਵੇਖ ਕੇ ਅਮਰੀਕਾ ਦੇ ਫੌਜੀ ਹੈੱਡ ਕੁਆਰਟਰ ਪੈਂਟਾਗਨ ਨੇ ਇਕ ਲੱਖ ਡੈੱਡ ਬਾਡੀ ਕਫਨ (ਬਾਡੀ ਬੈਗ) ਖਰੀਦਣ ਦਾ ਆਰਡਰ ਦਿੱਤਾ ਹੈ, ਜਿਹੜਾ ਸਥਿਤੀ ਦੀ ਗੰਭੀਰਤਾ ਨੂੰ ਪ੍ਰਗਟ ਕਰਦਾ ਹੈ।



ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ 2 ਲੱਖ ਮੌਤਾਂ ਹੋਣ ਦੀ ਸੰਭਾਵਨਾ ਵੇਖੀ ਜਾ ਰਹੀ ਹੈ। ਭਾਰਤ ਵਿਚ ਸ਼ੁੱਕਰਵਾਰ ਦੀ ਸਵੇਰ ਚੜ੍ਹਨ ਤੱਕ ਅਮਰੀਕਾ ਵਿਚ ਕੋਰੋਨਾ ਨਾਲ 5883 ਮੌਤਾਂ ਹੋ ਚੁੱਕੀਆਂ ਹਨ। ਇਸ ਦੇਸ਼ ਦੇ ਕਰੀਬ 90 ਫੀਸਦੀ ਇਲਾਕੇ ਲਾਕਡਾਊਨ ਹਨ, ਪਰ ਵਾਇਰਸ ਫੈਲਦਾ ਜਾ ਰਿਹਾ ਹੈ। ਦੇਸ਼ ਵਿਚ ਕੋਰੋਨਾ ਦੇ 2,44,190 ਕੇਸ ਪਤਾ ਲੱਗੇ ਹਨ। ਸਰਕਾਰ ਨੇ ਡੈੱਡ ਬਾਡੀ ਲਈ 50 ਹਜ਼ਾਰ ਕਫਨ ਦਾ ਪ੍ਰਬੰਧ ਕੀਤਾ ਹੈ, ਪਰ ਮੌਤਾਂ ਦਾ ਵਾਧਾ ਦੇਖ ਕੇ ਇਸ ਤੋਂ 3 ਗੁਣਾ ਵੱਧ ਡੈੱਡ ਬਾਡੀ ਬੈਗ ਦਾ ਪ੍ਰਬੰਧ ਕੀਤਾ ਜਾਣਾ ਹੈ। ਲਾਸ਼ਾਂ ਰੱਖਣ ਲਈ ਥਾਂ ਘਟਣ ਪਿੱਛੋਂ ਨਿਊਯਾਰਕ ਵਿਚ ਬਰੂਕਲਿਨ ਦੇ ਹਸਪਤਾਲ ਦੇ ਬਾਹਰ ਇਕ ਫਰੀਜ਼ਰ ਟਰੱਕ ਖੜ੍ਹਾ ਕਰ ਕੇ ਲਾਸ਼ਾਂ ਨੂੰ ਇਸ ਵਿਚ ਰੱਖਿਆ ਗਿਆ ਹੈ। ਨਿਊਯਾਰਕ ਰਾਜ ਵਿਚ ਮੌਤਾਂ ਦੀ ਗਿਣਤੀ ਭਾਰਤ ਦੀ ਸ਼ੁੱਕਰਵਾਰ ਦੀ ਸਵੇਰ ਤੱਕ 2373 ਹੋ ਚੁੱਕੀ ਹੈ।

ਫੈਡਰਲ ਐਮਰਜੰਸੀ ਮੈਨੇਜਮੈਂਟ ਏਜੰਸੀ ਡੈੱਡ ਬਾਡੀ ਬੈਗ ਦਾ ਪ੍ਰਬੰਧ ਕਰ ਰਹੀ ਹੈ, ਪਰ ਓਦੋਂ ਤੱਕ ਲਈ ਲਾਸ਼ਾਂ ਨੂੰ ਹਰੇ ਰੰਗ ਦੇ ਨਾਈਲੋਨ ਦੇ ਬਾਡੀ ਬੈਗ ਵਿਚ ਰੱਖਿਆ ਜਾ ਰਿਹਾ ਹੈ। ਇਹ ਬਾਡੀ ਬੈਗ 7.8 ਫੁੱਟ ਲੰਬਾ ਅਤੇ 3.2 ਫੁੱਟ ਚੌੜਾ ਹੁੰਦਾ ਹੈ। ਅਮਰੀਕਾ ਵਿੱਚ ਨਿਊਯਾਰਕ ਤੋਂ ਬਾਅਦ ਸਭ ਤੋਂ ਵੱਧ ਨਿਊ ਜਰਸੀ ਵਿੱਚ 537 ਮੌਤਾਂ ਅਤੇ ਮਿਸ਼ੀਗਨ ਵਿੱਚ 417 ਦੇ ਬਾਅਦ ਲੁਸੀਆਨਾ ਵਿੱਚ 310, ਵਾਸ਼ਿੰਗਟਨ ਵਿੱਚ 272 ਅਤੇ ਕੈਲੀਫੋਰਨੀਆ ਵਿੱਚ 234 ਹੋਈਆਂ ਹਨ।

# ਇਟਲੀ ਵਿੱਚ ਇੱਕੋ ਦਿਨ ਵਿੱਚ 760 ਮੌਤਾਂ ਨਾਲ ਕੁੱਲ ਗਿਣਤੀ 14 ਹਜ਼ਾਰ ਨੇੜੇ ਪਹੁੰਚੀ

*** ਸੰਸਾਰ ਭਰ ਵਿਚ ਮੌਤਾਂ ਦਾ ਅੰਕੜਾ 53 ਹਜ਼ਾਰ ਨੇੜੇ ਪੁੱਜਾ**



ਰੋਮ, 3 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਸ਼ੁੱਕਰਵਾਰ ਦੀ ਸਵੇਰ ਤੱਕ ਸੰਸਾਰ ਵਿੱਚ ਫੈਲੀ ਕੋਰੋਨਾ ਵਾਇਰਸ ਦੀ ਬਿਮਾਰੀ ਕਾਰਨ 180 ਤੋਂ ਵੱਧ ਦੇਸ਼ਾਂ ਵਿੱਚ ਕੁੱਲ ਮਿਲਾ ਕੇ 52,982 ਮੌਤਾਂ ਹੋ ਚੁੱਕੀਆਂ ਅਤੇ ਕੇਸਾਂ ਦੀ ਗਿਣਤੀ ਦਸ ਲੱਖ ਤੋਂ ਟੱਪ ਚੁੱਕੀ ਹੈ। ਇਸ ਬਿਮਾਰੀ ਦਾ ਸਭ ਤੋਂ ਵੱਧ ਪ੍ਰਭਾਵ ਅਮਰੀਕਾ, ਇਟਲੀ ਤੇ ਸਪੇਨ ਵਿਚ ਪਿਆ ਅਤੇ ਸਭ ਤੋਂ ਵੱਧ ਮੌਤਾਂ ਇਟਲੀ ਵਿੱਚ ਹੋਈਆਂ ਹਨ, ਜਿੱਥੇ ਮੌਤਾਂ ਦਾ ਹੜ੍ਹ ਰੁਕ ਨਹੀਂ ਰਿਹਾ।

ਵਰਲਡੋਮੀਟਰ ਦੇ ਮੁਤਾਬਕ ਇਟਲੀ ਵਿੱਚ ਬੀਤੇ ਚੌਵੀ ਘੰਟਿਆਂ ਵਿੱਚ 760 ਹੋਰ ਲੋਕਾਂ ਦੀ ਮੌਤ ਨਾਲ ਇਸ ਦੇਸ਼ ਵਿੱਚ ਮੌਤਾਂ ਦੀ ਗਿਣਤੀ 13,915 ਹੋ ਗਈ ਤੇ ਪ੍ਰਭਾਵਤ ਲੋਕਾਂ ਦੀ ਗਿਣਤੀ 1,15,242 ਹੋ ਚੁੱਕੀ ਹੈ। ਤਾਜ਼ਾ ਅੰਕੜੇ ਪਤਾ ਲੱਗਣ ਨਾਲ ਸੰਸਾਰ ਵਿੱਚ 52,982 ਮੌਤਾਂ ਹੋ ਚੁੱਕੀਆਂ ਅਤੇ ਕੇਸਾਂ ਦੀ ਗਿਣਤੀ 10,14,296 ਹੋ ਚੁੱਕੀ ਹੈ। ਇਟਲੀ ਤੋਂ ਬਾਅਦ ਸਭ ਤੋਂ ਵੱਧ ਪ੍ਰਭਾਵਤ ਸਪੇਨ ਵਿੱਚ ਮੌਤਾਂ ਦੀ ਗਿਣਤੀ 10,348 ਹੈ। ਅਮਰੀਕਾ ਵਿੱਚ 5883 ਮੌਤਾਂ ਪਿੱਛੋਂ ਚੌਥੇ ਸਭ ਤੋਂ ਵੱਧ ਪ੍ਰਭਾਵਤ ਦੇਸ਼ ਫਰਾਂਸ ਵਿੱਚ ਮੌਤਾਂ ਦੀ ਗਿਣਤੀ 5387 ਹੋ ਚੁੱਕੀ ਹੈ। ਚੀਨ ਵਿੱਚ ਮੌਤਾਂ ਦੀ ਗਿਣਤੀ 3160, ਬ੍ਰਿਟੇਨ ਵਿੱਚ 2921, ਨੀਦਰਲੈਂਡ 1339 ਅਤੇ ਬੈਲਜੀਅਮ ਵਿੱਚ 1011 ਹੋ ਚੁੱਕੀ ਹੈ।

# ਪੰਜਾਬ ਵਿੱਚ ਇਕ ਹੋਰ ਕੋਰੋਨਾ ਪਾਜ਼ਿਟਿਵ ਨਾਲ ਕੁੱਲ ਕੇਸ 47 ਤੇ ਮੌਤਾਂ ਦੀ ਗਿਣਤੀ 5 ਹੋਈ

ਚੰਡੀਗੜ੍ਹ, 2 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਭਾਈ ਨਿਰਮਲ ਸਿੰਘ ਖਾਲਸਾ ਦੀ ਮੌਤ ਹੋਣ ਨਾਲ ਅੱਜ ਕੁੱਲ ਮੌਤਾਂ ਦੀ ਗਿਣਤੀ ਪੰਜ ਹੋ ਗਈ ਅਤੇ ਪਾਜ਼ਿਟਿਵ ਕੇਸਾਂ ਦੀ ਗਿਣਤੀ 47 ਦੱਸੀ ਗਈ ਹੈ। ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਪੈਂਸਰਾ ਦੇ ਇੱਕ ਵਿਅਕਤੀ ਦਾ ਕਰੋਨਾ ਟੈਸਟ ਪਾਜ਼ਿਟਿਵ ਆਇਆ ਹੈ।



ਮਿਲੀ ਜਾਣਕਾਰੀ ਅਨੁਸਾਰ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਪੈਂਸਰਾ ਦੇ ਹਰਵਿੰਦਰ ਸਿੰਘ (58) ਨੂੰ ਹੁਸ਼ਿਆਰਪੁਰ ਸਿਵਲ ਹਸਪਤਾਲ ਲਿਆ ਕੇ ਉਸਦਾ ਕੋਰੋਨਾ ਟੈਸਟ ਕੀਤਾ ਗਿਆ ਸੀ। ਸੀਨੀਅਰ ਮੈਡੀਕਲ ਅਫਸਰ ਰਘਵੀਰ ਸਿੰਘ ਦੇ ਦੱਸਣ ਮੁਤਾਬਕ ਹਰਵਿੰਦਰ ਸਿੰਘ ਦੀ ਪਹਿਲੀ ਰਿਪੋਰਟ ਵਿੱਚ ਉਸ ਦਾ ਟੈਸਟ ਨੈਗੇਟਿਵ ਆਇਆ, ਪਰ ਦੂਸਰੀ ਵਿੱਚ ਪਾਜ਼ਿਟਿਵ ਨਿਕਲਿਆ ਹੈ। ਉਸ ਨੂੰ ਗੁਰੂ ਨਾਨਕ ਮੈਡੀਕਲ ਕਾਲਜ ਅੰਮ੍ਰਿਤਸਰ ਭੇਜ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪਿੰਡ ਪਠਲਾਵਾ ਦੇ ਬਲਦੇਵ ਸਿੰਘ ਅਤੇ ਮੋਰਾਂਵਾਲੀ ਦੇ ਹਰਭਜਨ ਸਿੰਘ ਦੇ ਬਾਅਦ ਲੁਧਿਆਣਾ ਦੀ ਇੱਕ ਔਰਤ ਅਤੇ ਨਇਆ ਗਾਉਂ ਦੇ ਇੱਕ ਵਿਅਕਤੀ ਦੀ ਮੌਤ ਨਾਲ ਪੰਜਾਬ ਵਿੱਚ ਚਾਰ ਮੌਤਾਂ ਹੋ ਚੁੱਕੀਆਂ ਸਨ। ਅੱਜ ਭਾਈ ਨਿਰਮਲ ਸਿੰਘ ਦੀ ਮੌਤ ਨਾਲ ਇਹ ਗਿਣਤੀ ਪੰਜ ਹੋ ਗਈ ਹੈ।

# ਪੰਥ ਪ੍ਰਸਿੱਧ ਰਾਗੀ ਭਾਈ ਨਿਰਮਲ ਸਿੰਘ ਦਾ ਤਿੰਨ ਥਾਂਈਂ ਇਨਕਾਰ ਪਿੱਛੋਂ ਚੌਥੀ ਥਾਂ ਅੰਤਿਮ ਸੰਸਕਾਰ ਕਰਨਾ ਪਿਆ

ਅੰਮ੍ਰਿਤਸਰ, 2 ਅਪਰੈਲ, (ਪੋਸਟ ਬਿਊਰੋ)- ਸਿੱਖ ਪੰਥ ਦੇ ਉੱਘੇ ਕੀਰਤਨੀਏ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਦਾ ਵੀਰਵਾਰ ਸਵੇਰੇ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਕੋਰੋਨਾ ਦੇ ਹੋਣ ਦਾ ਪਤਾ ਅੰਤਲੀ ਸਟੇਜ ਉੱਤੇ ਲੱਗਾ ਸੀ, ਜਿਸ ਦਾ ਇਲਾਜ ਨਹੀਂ ਕੀਤਾ ਜਾ ਸਕਿਆ। ਇਸ ਪਿੱਛੋਂ ਉਨ੍ਹਾਂ ਦੇ ਪਰਿਵਾਰ ਦੇ 5 ਮੈਂਬਰ ਅਤੇ 2 ਰਾਗੀ ਸਾਥੀ ਵੀ ਆਈਸੋਲੇਸ਼ਨ ਵਾਰਡ ਵਿਚ ਦਾਖਲ ਹਨ।

ਭਾਈ ਨਿਰਮਲ ਸਿੰਘ (62 ਸਾਲ) ਕੁਝ ਮਹੀਨੇ ਪਹਿਲਾਂ ਇੰਗਲੈਂਡ ਤੋਂ ਪਰਤੇ ਸਨ ਅਤੇ ਫਿਰ ਚੰਡੀਗੜ੍ਹ ਤੇ ਦਿੱਲੀ ਵੀ ਗਏ ਸੀ, ਜਿੱਥੇ ਉਨ੍ਹਾਂ ਦੇ ਸਮਾਗਮਾਂ ਵਿੱਚ ਹਜ਼ਾਰਾਂ ਲੋਕ ਸ਼ਾਮਲ ਸਨ। ਪਿਛਲੇ ਦਿਨੀਂ ਭਾਈ ਨਿਰਮਲ ਸਿੰਘ ਨੂੰ ਕੋਰੋਨਾ ਦੀ ਬਿਮਾਰੀ ਦਾ ਸ਼ੱਕ ਹੋਣ ਉੱਤੇ ਉਨ੍ਹਾਂ ਨੇ ਖੁਦ ਗੁਰੂ ਨਾਨਕ ਹਸਪਤਾਲ ਜਾ ਕੇ ਜਾਂਚ ਕਰਵਾਈ, ਪਰ ਡਾਕਟਰਾਂ ਨੇ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਉਨ੍ਹਾਂ ਨੂੰ ਨਾਰਮਲ ਫਲੂ ਦੇ ਲੱਛਣ ਹਨ। ਬੁੱਧਵਾਰ ਜਾਣਕਾਰੀ ਮਿਲੀ ਕਿ ਉਨ੍ਹਾਂ ਨੂੰ ਕੋਰੋਨਾ ਪਾਜ਼ਿਟਿਵ ਹੈ। ਸੁਤਲਾਨਵਿੰਡ ਰੋਡ ਉੱਤੇ ਭਾਈ ਨਿਰਮਲ ਸਿੰਘ ਦੀ ਰਿਹਾਇਸ਼ ਵਾਲੇ ਇਲਾਕੇ ਤੇਜ਼ ਨਗਰ ਬਾਰੇ ਪ੍ਰਸ਼ਾਸਨ ਨੇ ਚੌਕਸੀ ਵਰਤਦੇ ਹੋਏ ਸਾਰੇ ਰਸਤੇ ਬੰਦ ਕਰ ਦਿੱਤੇ ਹਨ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਦੇ ਅਕਾਲ ਚਲਾਣੇ ਪਿੱਛੋਂ ਉਨ੍ਹਾਂ ਦੇ ਅੰਤਮ ਸੰਸਕਾਰ ਲਈ ਦੋ ਸ਼ਮਸ਼ਾਨ ਘਾਟ ਵਿਖੇ ਕੁਝ ਸਮੱਸਿਆ ਆਈ ਤਾਂ ਵੇਰਕਾ ਦੇ ਸ਼ਮਸ਼ਾਨ ਘਾਟ ਲਿਜਾਣਾ ਪਿਆ, ਪਰ ਓਥੇ ਵੀ ਲੋਕਾਂ ਵੱਲੋਂ ਵਿਰੋਧ ਕਰਨ ਉੱਤੇ ਚੌਥੀ ਥਾਂ ਪ੍ਰਸ਼ਾਸਨ ਨੇ ਅੰਤਮ ਸੰਸਕਾਰ ਕਰਵਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਆਪਣੇ ਗੁਰਦੁਆਰਾ ਸਾਹਿਬਾਨ ਦੇ ਜ਼ਮੀਨ ਵਿੱਚ ਕਰਨ ਲਈ ਪ੍ਰਸ਼ਾਸਨ ਨੂੰ ਪੇਸ਼ਕਸ਼ ਕੀਤੀ ਸੀ, ਪਰ ਜਿਲ੍ਹਾ ਪ੍ਰਸ਼ਾਸਨ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਬੰਧ ਕਰ ਲਿਆ ਹੈ।

ਇਸੇ ਦੌਰਾਨ ਭਾਈ ਨਿਰਮਲ ਸਿੰਘ ਖਾਲਸਾ ਦੇ ਅੰਤਿਮ ਸੰਸਕਾਰ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਲੋਈ ਅਤੇ ਸਿਰੋਪਾਓ ਭੇਜੇ ਗਏ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਨੇ ਕਿਹਾ ਹੈ ਕਿ ਦੁੱਖ ਦੀ ਗੱਲ ਹੈ ਕਿ ਭਾਈ ਨਿਰਮਲ ਸਿੰਘ ਖਾਲਸਾ ਦਾ ਅੰਤਿਮ ਸੰਸਕਾਰ ਕਰਨ ਦਾ ਕੁਝ ਲੋਕਾਂ ਨੇ ਵਿਰੋਧ ਕੀਤਾ ਹੈ। ਇਹ ਸਿੱਖ ਪੰਥ ਦੀ ਉਘੀ ਸ਼ਖਸੀਅਤ ਦਾ ਨਿਰਾਦਰ ਹੈ, ਜਿਸ ਤੋਂ ਮਨੁੱਖਤਾ ਸ਼ਰਮਸ਼ਾਰ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਨੇ ਦੱਸਿਆ ਕਿ ਉਹ ਤੇ ਮੀਤ ਸਕੱਤਰ ਸੁਲੱਖਣ ਸਿੰਘ ਭੰਗਾਲੀ ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਪੀ ਏ ਜਸਪਾਲ ਸਿੰਘ ਅੱਜ ਅੰਤਮ ਸੰਸਕਾਰ ਮੌਕੇ ਪਹੁੰਚੇ ਸਨ, ਪਰ ਸੁਰੱਖਿਆ ਦੇ ਕਾਰਨ ਪ੍ਰਸ਼ਾਸਨ ਨੇ ਦੂਰ ਤੋਂ ਸਿਰੋਪਾਓ ਪ੍ਰਾਪਤ ਕਰ ਕੇ ਮੋੜ ਦਿੱਤਾ ਅਤੇ ਕਿਹਾ ਕਿ ਉਹ ਇਹ ਸਨਮਾਨ ਆਪ ਮ੍ਰਿਤਕ ਦੇਹ ਤੱਕ ਪੁਚਾ ਦੇਣਗੇ।








**Paramjit Deol** Broker

**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**
**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Toronto $179,000**
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**
**Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**
Photo Not Available
**10635 Bramalea Rd J-4:** Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**
**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**
Photo Not Available
**5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**
Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**
Photo Not Available
**284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**
**7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**
**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**
**15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**
**Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**
**Warden And Steeles:** Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**
**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਕੋਵਿਡ-19: ਅਮੀਰ ਅਤੇ ਗਰੀਬ ਵਿਚਕਾਰ ਪਾੜਾ ਵਧਣ ਦੇ ਅਸਾਰ



ਸੁਰਜੀਤ ਸਿੰਘ ਫਲੋਰਾ

ਕੋਵਿਡ -19 ਕੋਰੋਨਾਵਾਇਰਸ ਇੱਕ ਹਨੇਰੀ ਦੀ ਤਰ੍ਹਾਂ ਇਕ -ਇਕ ਕਰਕੇ ਸਾਰੇ ਸੰਸਰ ਭਰ ਵਿਚ ਹੋਂਦ 'ਚ ਆਇਆ, ਬਿਨਾਂ ਕਿਸੇ ਚਿਤਾਵਨੀ ਦੇ. ਇਹ ਇਕ ਨੋਵਲ ਵਿਸ਼ਾਣੂ ਹੈ ਅਤੇ ਵਿਸ਼ਵ ਵਿਚ ਕੋਈ ਵੀ ਇਸ ਬਾਰੇ ਕੁਝ ਨਹੀਂ ਜਾਣਦਾ। ਵਿਗਿਆਨੀ, ਡਾਕਟਰ ਅਤੇ ਮੈਡੀਕਲ ਮਾਹਰ ਦੁਨੀਆ ਭਰ ਵਿਚ ਅਜੇ ਵੀ ਦੁਚਿੱਤੀ ਵਿਚ ਹਨ ਕਿ ਇਹ ਇੰਨੀ ਤੇਜ਼ੀ ਨਾਲ ਕਿਵੇਂ ਫੈਲ ਰਿਹਾ ਹੈ ਅਤੇ ਇਸ ਨੂੰ ਕਿਵੇਂ ਰੋਕਿਆਂ ਜਾ ਸਕਦਾ ਹੈ? ਹਾਲਾਂਕਿ, ਇਸ ਭਿਆਨਕ ਮਹਾਂਮਾਰੀ ਤੋਂ ਸਿੱਖਣ ਦੇ ਬਹੁਤ ਸਾਰੇ ਸਬਕ ਮਿਲ ਰਹੇ ਹਨ ਅਤੇ ਬਹੁਤ ਸਾਰੇ ਸਿਧਾਂਤ ਅਤੇ ਸਿੱਟੇ ਜੋ ਕੱਢੇ ਜਾ ਰਹੇ ਹਨ।

ਇੱਥੇ ਹਰ ਕਿਸਮ ਦੀ ਸਾਜ਼ਿਸ਼ਵਾਦੀ ਵਿਚਾਰ ਵੀ ਹਨ ਜੋ ਦੁਆਲੇ ਘੁੰਮ ਰਹੇ ਹਨ। ਜਿਵੇਂ ਟਰੰਪ ਦਾ ਕਹਿਣਾ ਹੈ ਕਿ ਇਹ ਚਾਇਨਾ ਦਾ ਵਾਇਰਸ ਹੈ। ਉਹ ਸ਼ਰੇਆਮ ਟੀ ਵੀ ਤੇ ਕਹਿੰਦਾ ਹੈ, ਇਕ ਵਾਰ ਨਹੀਂ ਵਾਰ ਵਾਰ ਕਹਿੰਦਾ ਹੈ। ਬਹੁਤ ਸਾਰੀਆਂ ਦੁਨੀਆਂ ਦੇ ਕੋਨੇ ਕੋਨੇ ਤੋਂ ਖਬਰਾਂ , ਵੀਡਿਉ ਸ਼ੋਸ਼ਲ ਮੀਡੀਏ ਤੇ ਆ ਰਹੀਆਂ ਹਨ ਕਿ ਇਹ ਸਭ ਚੀਨ ਨੇ ਆਪਣੀ ਦੁਨੀਆਂ ਤੇ ਤਾਂਕਤ ਜਮਾਉਣ ਲਈ ਕੀਤਾ ਹੈ , ਕੋਈ ਅਮਰੀਕਾ ਨੂੰ ਦੋਸ਼ੀ ਠਹਿਰਾ ਰਿਹਾ ਹੈ।

ਪਰ ਕੁਝ ਉਸ ਅੱਲਾਂ-ਪ੍ਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਉਸ ਦੀ ਸਜਾ ਸਮਝ ਰਹੇ ਹਨ ਜਿਵੇਂ ਇੰਨਸਾਨ ਨੇ ਅੱਜ ਜੋ ਵੀ ਜਾਨਵਰ ਕਈ ਤਾਂ ਇੰਨਸਾਨ ਨੂੰ ਵੀ ਨਹੀਂ ਛੱਡਦੇ ਉਸ ਨੂੰ ਵੀ ਖਾਂ ਜਾਂਦੇ ਹਨ। ਇੰਨਸਾਨ ਇੰਨਾ ਖੁਦਗਰਜ਼ ਹੋ ਚੁਕਾ ਹੈ ਜਿਸ ਕਰਕੇ ਇਹ ਪ੍ਰਮਾਤਮਾ ਵਲੋਂ ਇਕ ਸਜਾ ਹੈ ਦੂਜੇ ਪਾਸੇ ਕੁਝ ਕਹਿ ਰਹੇ ਹਨ ਇਹ ਮਦਰ ਨੇਚਰ ਨੇ ਸਭ ਕੁਝ ਕੀਤਾ ਹੈ ਕਿਉਕਿਂ ਇੰਨਸਾਨ ਉਸ ਤੇ ਬੋਝ ਬਣਦਾ ਜਾ ਰਿਹਾ ਹੈ।

ਸਿੱਖ ਧਰਮ ਵਿਚ ਦੇਖੀਏ ਤਾਂ ਅਸੀਂ ਇਹ ਵੀ ਮੰਨਦੇ ਹਾਂ ਜਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਸੀ ਕਿ ਧਰਤੀ ਤੇ ਜੁਲਮ ਇੰਨਾ ਵਧ ਗਿਆ ਸੀ ਤੇ ਫਿਰ ਗੁਰੂ ਸਹਿਬ ਨੇ ਆ ਕੇ ਉਸ ਨੂੰ ਠੱਲ ਪਾਈ ਸੀ, ਕੌੜੇ ਰਾਖਸ਼ਿਸ਼ ਭੂਮੀਏ ਚੋਰ, ਬਲੀ ਗੰਦਾਰੀ ਬਾਬਰ ਵਰਗਿਆ ਨੂੰ ਸਿੱਧੇ ਰਸਤੇ ਪਾਇਆ ਸੀ।

ਜੋ ਵੀ ਕਿਸੇ ਦੇ ਮਨ ਵਿਚ ਹੈ , ਜੋ ਵੀ ਕਿਸੇ ਦਾ ਵਿਸ਼ਵਾਸ ਹੈ ਉਹ ਆਪਣੇ ਹਿਸਾਬ ਨਾਲ ਉਸ ਨੂੰ ਘਾਲ ਰਿਹਾ ਹੈ। ਪਰ ਇਕ ਚੀਜ ਹੈ ਜੋ ਮੈਂ ਜਾਣਦਾ ਹਾਂ ਜੋ ਇਸ ਮਹਾਂਮਾਰੀ ਦੇ ਅੰਤ ਵਿਚ ਵਾਪਰੇਗੀ।

ਉਹ ਹੈ ਗਰੀਬਾਂ ਅਤੇ ਅਮੀਰਾਂ ਵਿਚਲਾ ਪਾੜਾ ਹੋਰ ਵਧਦਾ ਜਾਵੇਗਾ।

ਬਹੁਤ ਸਾਰੇ ਨਿੱਜੀ ਬਿਜਨੈੱਸ ਅਤੇ ਲੋਕਾ ਦੇ ਦੀਵਾਲੀਏਪਨ ਘੋਸ਼ਿਤ ਕੀਤੇ ਜਾਣਗੇ। ਛੋਟੀਆਂ ਅਤੇ ਕੁਝ ਮੱਧਮ ਕੰਪਨੀਆਂ ਇਸ ਸੰਕਟ ਤੋਂ ਬਚ ਨਹੀਂ ਪਾਉਣਗੀਆਂ। ਉਹਨਾਂ ਦਾ ਦੀਵਾਲੀਆਂ ਨਿਕਲ ਜਾਵੇਗਾ, ਤੇ ਬੈਂਕਰਪਟ ਹੋ ਜਾਣਗੇ। ਮੱਧ ਵਰਗ ਦੇ ਜੋ ਬਿਜਨੈੱਸ ਹਨ ਉਹ ਹੇਠਲੇ ਸਿਰੇ ਨੂੰ ਗਰੀਬੀ ਰੇਖਾ ਤੇ ਆ ਡਿਗਣਗੇ, ਸਮਾਂ ਪਾ ਕੇ ਆਮ ਜੀਵਨ ਨਿਰੰਤਰਤਾ ਨੂੰ ਕਾਇਮ ਰੱਖਣਾ ਵਿਚ ਕਾਮਯਾਬ ਹੋ ਸਕਦੇ ਹਨ।

ਸਾਰੀ ਦੁਨੀਆ ਦੀਆਂ ਸਰਕਾਰਾਂ ਹਰ ਕਿਸੇ ਦੀ ਸਹਾਇਤਾ ਲਈ ਵਿੱਤੀ ਉਤਸ਼ਾਹ ਪੈਕੇਜਾਂ ਨੂੰ ਲਾਗੂ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ, ਵੱਡੇ
ਅਤੇ ਛੋਟੇ ਕਾਰੋਬਾਰ ਅਤੇ ਵਿਅਕਤੀ. ਸਯੁੰਕਤ ਰਾਜ ਨੇ ਸਿਰਫ 2.2 ਟ੍ਰਿਲੀਅਨ-ਡਾਲਰ ਦਾ ਪ੍ਰੇਰਕ ਪੈਕੇਜ ਪਾਸ ਕੀਤਾ ਅਤੇ ਸਾਡੀ ਕੈਨੇਡੀਅਨ ਸਰਕਾਰ ਨੇ 100 ਬਿਲੀਅਨ ਨੂੰ ਪਾਸ ਕੀਤਾ ਹੈ ਤੇ ਆਏ ਦਿਨ ਕੁਝ ਨਾ ਕੁਝ ਐਲਾਨ ਕਰੀ ਜਾ ਰਹੀ ਹੈ। ਆਪਣੇ ਨਾਗਰਿਕਾਂ ਦੀ ਸਹਾਇਤਾ ਲਈ ਡਾਲਰ ਤੋਂ ਇਲਾਵਾ ਉਤਸ਼ਾਹ ਪੈਕੇਜ ਦਿੱਤੇ ਜਾ ਰਹੇ ਹਨ। ਸਰਕਾਰੀ ਅਧਿਕਾਰੀ ਇਹ ਕਹਿ ਰਹੇ ਹਨ ਕਿ ਇਹ ਵਿੱਤੀ ਸਹਾਇਤਾ ਅਗਲੇ ਹਫਤਿਆਂ ਤੱਕ ਪਹੁੰਚਦੀ ਹੋ ਜਾਵੇਗੀ।

ਇਸ ਦੌਰਾਨ, ਲੱਖਾਂ ਨਾਗਰਿਕਾਂ ਦੀਆਂ ਨੌਕਰੀਆਂ ਖਤਮ ਹੋ ਗਈਆਂ. ਭੋਜਨ, ਏਅਰ ਲਾਈਨ, ਕਰੂਜ਼, ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਦੇ ਉਦਯੋਗਾਂ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਸਭ ਜਨ ਜੀਵਨ ਠੱਪ ਹੋ ਚੁਕਾ ਹੈ।

ਅਸੀਂ ਜਾਣਦੇ ਹਾਂ ਕਿ ਰੋਜ਼ਗਾਰ (ਈ.ਆਈ.) ਦੀ ਪਹਿਲੀ ਚੈਕ ਦੀ ਅਦਾਇਗੀ ਤੋਂ ਪਹਿਲਾਂ ਇਕ ਜਾਂ ਦੋ ਹਫਤੇ ਉਡੀਕ ਕਰਨੀ ਪਾਏਗਾ।
ਉਤਸ਼ਾਹ ਪੈਕੇਜ ਜੋ ਸਰਕਾਰ ਨੇ ਵਾਅਦਾ ਕੀਤਾ ਹੈ ਅਗਲੇ ਦੋ-ਤਿੰਨ ਹਫ਼ਤਿਆਂ ਤੱਕ ਮਿਲ ਜਾਵੇਗਾ। ਇਸ ਲਈ, ਹਰੇਕ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਨੂੰ ਕਿਸੇ ਤਰ੍ਹਾਂ ਚਲਾਉਣ ਲਈ ਹਦਾਇਤ ਕੀਤੀ ਗਈ ਹੈ। ਜਿਸ ਵਿੱਚ ਗਰੋਸਰੀ ਤੇ ਆਮ ਬਿਲਾਂ, ਕਿਰਾਏ ਦੀਆਂ ਅਦਾਇਗੀਆਂ,ਬੀਮਾ, ਮੈਡੀਕਲ ਬਿਲ, ਬੱਚੇ ਦਾ ਭੋਜਨ, ਡਾਇਪਰ ਅਤੇ ਇਹ ਸੂਚੀ ਜੋ ਇਕ ਮੀਲ ਲੰਬੀ ਹੈ ਜੋ ਲੋਕਾਂ ਲਈ ਸਿਰ ਦਰਦੀ ਬਣਦੀ ਜਾ ਰਹੀ ਹੈ ਜਦੋਂ ਤੱਕ ਕਿਸੇ ਪਾਸੇ ਤੋਂ ਉਹਨਾਂ ਨੂੰ ਪੈਸੇ ਨਾਲ ਮਦਦ ਨਹੀਂ ਮਿਲ ਰਹੀ।

ਮੱਧਵਰਗੀ ਦੇ ਹੇਠਲੇ ਸਿਰੇ ਦਾ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ ਜਿਹਨਾਂ ਕੋਲ ਮਸਾਂ ਗੁਜਾਰੇ ਜੋਗੇ ਪੈਸੇ ਹਨ ਤੇ ਉਹ ਹੋਰ ਅੱਗੇ ਬਿਜਨੈੱਸ ਨੂੰ ਨਹੀਂ ਲੈ ਕੇ ਜਾ ਸਕਦੇ ਉਹਨਾਂ ਨੂੰ ਆਪਣੇ ਬਿਜਨੈੱਸਾ ਨੂੰ ਤਾਲੇ ਲਾਉਣ ਤੱਕ ਨੌਬਤ ਆ ਚੁਕੀ ਹੈ।

ਕਿਉਂਕਿ ਉਨ੍ਹਾਂ ਨੂੰ ਅਜੇ ਵੀ ਸੌਂਪਾਂ ਦਾ ਕਿਰਾਇਆ, ਹਾਈਡ੍ਰੋ, ਗੈਸ, ਕਰਜ਼ੇ ਅਤੇ ਹੋਰ ਘਰਾਂ ਦੇ ਖਰਚਿਆਂ ਦਾ ਭੁਗਤਾਨ ਕਰਨਾ ਪੈ ਰਿਹਾ ਹੈ।ਆਮਦਨ ਤਾਂ ਕਿਸੇ ਪਾਸੇ ਤੋਂ ਆ ਨਹੀਂ ਰਹੀ।

ਜਦ ਵਾਇਰਸ ਦਾ ਅੰਤ ਹੋਵੇਗਾ ਤਾਂ ਜੋ ਛੋਟੇ ਅਤੇ ਮਦ ਵਰਗ ਦੇ ਬਿਜਨੈਸ ਹਨ ,ਉਹਨਾਂ ਨੂੰ ਕਿਸੇ ਨਾ ਕਿਸੇ ਨਾ ਤਰ੍ਹਾਂ ਬਿਜਨੈੱਸ ਨੂੰ ਉਪਰ ਚੁਕਣ ਲਈ ਧੱਕਾ ਲਾਉਣਾ ਪਏਗਾ। ਪਰ ਪੈਸੇ ਦੀ ਘਾਟ ਕਾਰਨ , ਉਹ ਆਪਣੇ ਪੈਰਾ ਤੇ ਫਿਰ ਨਹੀਂ ਖੜ੍ਹੇ ਹੋ ਸਕਣਗੇ। ਜਿਸ ਕਰਕੇ ਦੀਵਾਲੀਆਂ ਪਨ 'ਚ ਬੈਂਕਰਪਸੀ ਤੋਂ ਸਿਵਾਏ ਉਹਨਾਂ ਕੋਲ ਹੋਰ ਕਈ ਵੀ ਚਾਰਾ ਨਹੀਂ ਰਹੇਗਾ। ਕਿਉਂਕਿ ਜੇਕਰ ਉਹਨਾਂ ਨੇ ਹੁਣ ਸਰਕਾਰਾਂ ਤੋਂ ਬਿਜਨੈੱਸ ਨੂੰ ਚਲਾਉਣ ਲਈਮ, ਖੜ੍ਹਾ ਰੱਖਣ ਲਈ ਪੈਸਾ ਲਿਆ ਹੈ ਉਹ ਕਲ੍ਹ ਨੂੰ ਵਾਪਿਸ ਵੀ ਕਰਨਾ ਪਏਗਾ , ਜੋ ਉਹ ਨਹੀਂ ਕਰ ਸਕਣਗੇ।

ਇਸ ਦੇ ਨਾਲ ਹੀ ਗਰੀਬ ਮੱਧ ਵਰਗ ਜੋ ਪਹਿਲਾਂ ਹੀ ਪੇ ਚੈਕ ਤੋਂ ਪੇ ਚੈਕ ਤੇ ਹਰ ਹਫਤੇ ਗੁਜਾਰਾਂ ਕਰਦਾ ਹੈ। ਉਹ ਬਿਲਕੁਲ ਗਰੀਬੀ ਦੀ ਰੇਖਾ ਤੋਂ ਵੀ ਹੇਠਾਂ ਡਿਗ ਜਾਣਗੇ। ਜਿਸ ਨਾਲ ਗਰੀਬੀ ਅਤੇ ਅਮੀਰੀ ਦਾ ਪਾੜਾ ਬਹੁਤ ਵੱਡਾ ਹੋ ਜਾਵੇਗਾ। ਬਹੁਤ ਸਾਰੇ ਇਸ ਤਰ੍ਹਾਂ ਦੇ ਬਿਜਨੈੱਸ ਵੀ ਹਨ ਜਿਹਨਾਂ ਨੂੰ ਇਸ ਵਾਇਰਸ ਤੋਂ ਪੈਸਾ ਕਮਾਉਣ ਦਾ ਮੌਕਾ ਵੀ ਮਿਲਿਆਂ ਹੈ। ਤੇ ਉਹਨਾਂ ਲੱਖਾ ਹੀ ਬਣਾ ਲਏ।

ਪਰ ਸਵਾਲ ਹੁਣ ਅਸੀਂ ਤੁਹਾਡੇ ਤੇ ਛੱਡ ਦਿੰਦੇ ਹਾਂ ਕਿ ਤੁਸੀਂ ਕਿਸ ਨੂੰ ਇਸ ਸਭ ਦਾ ਕਸੂਰਵਰ ਮਨਦੇ ਹੋ ਪ੍ਰਮਾਤਮਾ , ਅੱਲਾ ਨੂੰ, ਮਦਰ ਨੇਚਰ ਨੂੰ ਜਾਂ ਇੰਨਸਾਨ ਦੀਆਂ ਖੁਦਗਰਜੀਆਂ ਨੂੰ । ਇਸ ਦਾ ਨਿਰਨਣਾ ਕਰਨ ਲਈ ਅਸੀਂ ਤੁਹਾਨੂੰ ਜੱਜ ਬਣਾ ਦਿੰਦੇ ਹਾਂ ਤੇ ਇਸ ਦਾ ਨਿਰਨਣਾ ਤੁਸੀਂ ਖੁਦ ਆਪਣੇ ਮਨ ਨਾਲ ਕਰ ਲਉ ਜਿਵੇਂ ਦਾ ਤੁਹਾਡੇ ਵਿਚ ਵਿਸ਼ਵਾਸ ਹੈ!


NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੌਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

132"
88"
8 Seated Sofa
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants

Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca




ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸੰਪਾਦਕੀ

## ਕੋਰੋਨਾ ਵਾਇਰਸ: ਗਾਇਬ ਹਨ ਭਾਰਤ ਵਿੱਚ ਅਟਕੇ ਕੈਨੇਡੀਅਨਾਂ ਬਾਰੇ ਸੁਆਲਾਂ ਦੇ ਜਵਾਬ

ਮਿਸੀਸਾਗਾ ਦੀ ਰਿਤੂ ਸਹੋਤਾ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੰਬੋਧਨ ਕਰਦੀ ਹੋਈ ਇੱਕ ਪਟੀਸ਼ਨ ਆਰੰਭ ਕੀਤੀ ਹੈ ਜਿਸ ਉੱਤੇ 2 ਅਪਰੈਲ ਤੱਕ ਸਾਢੇ ਪੰਦਰਾਂ ਹਜ਼ਾਰ ਤੋਂ ਵੱਧ ਲੋਕ ਦਸਤਖ਼ਤ ਕਰ ਚੁੱਕੇ ਸਨ। ਬੀਬੀ ਸਹੋਤਾ ਦਾ ਆਖਣਾ ਹੈ ਕਿ ਉਸਦੇ ਪਿਤਾ, ਦਾਦਾ ਦਾਦੀ ਪੰਜਾਬ ਅਤੇ ਹੋਰ ਹਜ਼ਾਰਾਂ ਕੈਨੇਡੀਅਨ ਪੰਜਾਬ ਸਮੇਤ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਅਟਕੇ ਹੋਏ ਹਨ ਜਿਹਨਾਂ ਨੂੰ ਕੈਨੇਡਾ ਲਿਆਉਣ ਵਾਸਤੇ ਕੈਨੇਡਾ ਸਰਕਾਰ ਨੂੰ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਬੀਬੀ ਸਹੋਤਾ ਮੁਤਾਬਕ ਉਹ ਇਹ ਨਹੀਂ ਹੋਣ ਦੇਵੇਗੀ ਕਿ ਹਜ਼ਾਰਾਂ ਕੈਨੇਡੀਅਨਾਂ ਦੀ ਪਰਵਾਹ ਕੀਤੇ ਬਗੈਰ ਸਰਕਾਰ ਸੁੱਖ ਦੀ ਨੀਂਦ ਸੁੱਤੀ ਰਹੇ। ਪਤਾ ਲੱਗਾ ਹੈ ਕਿ ਰੀਤੂ ਸਹੋਤਾ ਨੇ ਵੱਡੀ ਗਿਣਤੀ ਵਿੱਚ ਐਮ ਪੀਆਂ ਅਤੇ ਐਮ ਪੀ ਪੀਆਂ ਨੂੰ ਈ ਮੇਲਾਂ ਵੀ ਕੀਤੀਆਂ ਹਨ ਤਾਂ ਜੋ ਸਰਕਾਰ ਦੇ ਕੰਨੀਂ ਜੂੰ ਸਰਕ ਸਕੇ।

ਹਕੀਕਤ ਇਹ ਹੈ ਕਿ ਸਰਕਾਰ ਦੇ ਕੰਨਾਂ ਉੱਤੇ ਜੂੰ ਤਾਂ ਸਰਕੀ ਹੈ ਪਰ ਗਲਤ ਦਿਸ਼ਾ ਵਿੱਚ ਸਰਕੀ ਜਾਪਦੀ ਹੈ। ਕੈਨੇਡੀਅਨ ਸਰਕਾਰ ਨੇ ਰਈਸ ਬਿਜਨਸਮੈਨ ਕਪਿਲ ਕੁਮਰੀਆ ਦੀ ਕੰਪਨੀ ਨਾਲ ਸਮਝੌਤਾ ਕੀਤਾ ਹੈ ਜਿਸ ਤਹਿਤ ਭਾਰਤ ਤੋਂ ਆਉਣ ਵਾਲੇ ਕੈਨੇਡੀਅਨਾਂ ਨੂੰ ਇੱਕ ਪਾਸੇ ਦਾ ਕਿਰ-ਾਇਆ 3000 ਡਾਲਰ ਭਰਨਾ ਹੋਵੇਗਾ। ਇਹ ਮਹਿੰਗੀਆਂ ਫਲਾਈਟਾਂ ਦਿੱਲੀ ਅਤੇ ਮੁੰਬਈ ਤੋਂ ਚੱਲਣਗੀਆਂ। ਹੈਰਾਨੀ ਹੈ ਕਿ ਅਮ੍ਰਿਤਸਰ ਤੋਂ ਕੋਈ ਫਲਾਈਟ ਨਿਰਧਾਰਤ ਨਹੀਂ ਕੀਤੀ ਗਈ ਹੈ। ਇੱਕ ਅੰਦਾਜ਼ੇ ਮੁਤਾਬਕ ਇੱਕਲੇ ਪੰਜਾਬ ਵਿੱਚ 15 ਹਜ਼ਾਰ ਤੋਂ ਵੱਧ ਕੈਨੇਡੀਅਨ ਇਸ ਵੇਲੇ ਫਸੇ ਹੋਏ ਹਨ ਅਤੇ ਭਾਰਤ ਵਿੱਚ ਇਹ ਗਿਣਤੀ 25 ਤੋਂ 30 ਹਜ਼ਾਰ ਦੇ ਕਰੀਬ ਦੱਸੀ ਜਾਂਦੀ ਹੈ।

ਬਰਾਸਤਾ ਇੰਗਲੈਂਡ ਭਾਰਤ ਤੋਂ ਆਉਣ ਵਾਲੀਆਂ ਇਹਨਾਂ ਫਲਾਈਟਾਂ ਦੇ ਯਾਤਰੂਆਂ ਨੂੰ ਰਸਤੇ ਵਿੱਚ ਕੋਈ ਖਾਣਾ ਜਾਂ ਕੰਬਲ ਆਦਿ ਨਹੀਂ ਮੁਹਈਆ ਕੀਤੇ ਜਾਣਗੇ। ਰੀਤੂ ਸਹੋਤਾ ਦੇ ਦਾਦਾ ਦਾਦੀ ਵਾਗੂੰ ਭਾਰਤ ਵਿੱਚ ਫਸੇ ਹਜ਼ਾਰਾਂ ਕੈਨੇਡੀਅਨ ਬਿਮਾਰ ਅਤੇ ਬਜ਼ੁਰਗ ਹਨ ਜਿਹਨਾਂ ਲਈ ਇਹੋ ਜਿਹੀ ਰੁੱਖੀ ਫਲਾਈਟ ਜਾਨ ਲੇਵਾ ਸਾਬਤ ਹੋ ਸਕਦੀ ਹੈ। ਕਈ ਸੁਆਲ ਉੱਠ ਰਹੇ ਹਨ ਕਿ ਕੈਨੇਡਾ ਸਰਕਾਰ ਨੇ ਕਿਸੇ ਵਿਦੇਸ਼ੀ ਕੰਪਨੀ ਨੂੰ ਠੇਕਾ ਕਿਉਂ ਦਿੱਤਾ ਅਤੇ ਇਸ ਕੰਪਨੀ ਦੇ ਆਗੂਆਂ ਵਿਸ਼ੇਸ਼ ਕਰਕੇ ਕਪਿਲ ਕੁਮਰੀਆ ਦੇ ਸਾਡੇ ਫੈਡਰਲ ਮੰਤਰੀਆਂ ਨਾਲ ਕੀ ਸਬੰਧ ਹਨ। ਸੋਸ਼ਲ ਮੀਡੀਆ ਉੱਤੇ ਉਸਦੀਆਂ ਫੈਡਰਲ ਸਰਕਾਰ ਦੀਆਂ ਜੁਗਤਾਂ ਤੋਂ ਜਾਣੂੰਆਂ ਨਾਲ ਫੋਟੋਆਂ ਖੂਬ ਚੱਕਰ ਕੱਟ ਰਹੀਆਂ ਹਨ।

ਕਈ ਹੋਰ ਸੁਆਲ ਹਨ ਜਿਹੜੇ ਜਵਾਬ ਮੰਗਦੇ ਹਨ। ਮਿਸਾਲ ਵਜੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2015 ਵਿੱਚ ਅਤਿਵਾਦ, ਦੇਸ਼ ਧਰੋਹ ਅਤੇ ਦੇਸ਼ ਖਿਲਾਫ਼ ਮੁਖਬਰੀ ਕਰਨ ਦੇ ਦੋਸ਼ੀ ਦੋਹਰੀ ਨਾਗਰਿਕਤਾ (Dual citizenship) ਵਾਲਿਆਂ ਦੀ ਕੈਨੇਡੀਅਨ ਨਾਗਰਿਕਤਾ ਵਾਪਸ ਲਏ ਜਾਣ ਦਾ 'A Canadian is a Canadian is a Canadian' ਆਖ ਕੇ ਵਿਰੋਧ ਕੀਤਾ ਸੀ। ਲਿਬਰਲ ਸਰਕਾਰ ਨੇ ਇਸ ਕਾਨੂੰਨ ਦਾ ਸੱਤਾ ਵਿੱਚ ਆਉਣ ਤੋਂ ਬਾਅਦ ਭੋਗ ਵੀ ਪਾ ਦਿੱਤਾ ਸੀ। ਇਸਦੇ ਪਹੁੰਚ ਦੇ ਉਲਟ ਕੈਨੇਡੀਅਨ ਅੰਬੈਸੀਆਂ ਵੱਲੋਂ ਵਿਦੇਸ਼ਾਂ ਵਿੱਚ ਕੈਨੇਡੀਅਨਾਂ ਨੂੰ ਮਦਦ ਦੇਣ ਲਈ ਕੀਤੀ ਜਾ ਰਹੀ ਰਜਿਸਟਰੇਸ਼ਨ ਵਿੱਚ ਪਰਮਾਨੈਂਟ ਰੈਜ਼ੀਡੈਂਟਾਂ ਨੂੰ ਦਰਜ਼ ਵੀ ਨਹੀਂ ਕੀਤਾ ਜਾ ਰਿਹਾ। ਪਤਾ ਨਹੀਂ ਕਿਉਂ ਕਿ ਕੈਨੇਡਾ ਸਰਕਾਰ ਦੀ ਇਹ ਸੇਵਾ ਆਸਟਰੇਲੀਅਨ, ਜਮੈਕਨ ਅਤੇ ਇਜ਼ਰਾਈਲੀ ਸਿਟੀਜ਼ਨਾਂ ਵਾਸਤੇ ਤਾਂ ਹੈ ਪਰ ਕੋਰੋਨਾ ਵਾਇਰਸ ਕਾਰਣ ਕੁੜਿਕੀ ਵਿੱਚ ਆਏ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਟਾਂ ਲਈ ਨਹੀਂ। ਕੀ ਸਮਝ ਲਿਆ ਜਾਵੇ ਕਿ ਸ਼ਾਇਦ ਪਰਮਾਨੈਂਟ ਰੈਜ਼ੀਡੈਂਟ ਸਰਕਾਰੀ ਦ੍ਰਿਸ਼ਟੀਕੋਣ ਤੋਂ ਹਾਲੇ ਉੱਨੇ ਪੱਕੇ ਕੈਨੇਡੀਅਨ ਨਹੀਂ ਬਣੇ ਜਿੰਨੇ ਪੱਕੇ ਤੌਰ ਕੈਨੇਡੀਅਨ ਦੇਸ਼ ਧਰੋਹ ਅਤੇ ਅਤਿਵਾਦ ਵਿੱਚ ਸ਼ਾਮਲ ਹੋਣ ਵਾਲੇ ਦੋਹਰੀ ਨਾਗਰਿਕਤਾ ਵਾਲੇ ਲੋਕ ਹਨ।

ਸਰਕਾਰ ਵੱਲੋਂ ਆਰੰਭ ਕੀਤੀ ਜਾਣ ਵਾਲੀ 3000 ਡਾਲਰੀ ਫਲਾਈਟ ਵੀ ਉਹਨਾਂ ਲਈ ਹੈ ਜਿਹਨਾਂ ਦੀ ਟਿਕਟ ਦਾ ਸਮਾਂ ਪੁੱਗ ਚੁੱਕਾ ਹੈ। ਜਿਹਨਾਂ ਕੋਲੋਂ ਲੰਬੇ ਸਮੇਂ ਦੀਆਂ ਟਿਕਟਾਂ ਖਰੀਦਣ ਦੀ ਗਲਤੀ ਹੋਈ ਹੈ, ਉਹ ਲੰਬੇ ਸਮੇਂ ਤੱਕ ਹੀ ਭਾਰਤ ਵਿੱਚ ਅਟਕਣ ਦਾ ਖਾਮਿਆਜ਼ਾ ਭੁਗਣਤੇ। ਕਈਆਂ ਵੱਲੋਂ ਖਰੀਦੀਆਂ ਸਿਹਤ ਬੀਮਾ ਪਾਲਸੀਆਂ ਦੀ ਮਿਆਦ ਪੁੱਗ ਚੁੱਕੀ ਹੈ। ਇਹ ਲੋਕ ਭਾਰਤ ਵਿੱਚ ਬਿਮਾਰ ਹੋਣ ਦੀ ਸੂਰਤ ਵਿੱਚ ਕਿੰਨੀਆਂ ਹੀ ਹੋਰ ਮੁਸ਼ਕਲਾਂ ਹੰਢਾਉਣਗੇ। ਦੋਸਾਂ ਪ੍ਰਤੀ ਦੋਸ਼ਾਂ ਦੇ ਮਾਹੌਲ ਵਿੱਚ ਭਾਰਤ ਸਰਕਾਰ ਦੇ ਸੂਤਰ ਆਖ ਰਹੇ ਹਨ ਕਿ ਕੈਨੇਡਾ ਸਰਕਾਰ ਵੱਲੋਂ ਸਹਿਯੋਗ ਨਹੀਂ ਦਿੱਤਾ ਜਾ ਰਿਹਾ ਜਦੋਂ ਕਿ ਕੈਨੇਡਾ ਸਰਕਾਰ ਦੇ ਸੂਤਰ ਭਾਰਤ ਵੱਲ ਉਂਗਲਾਂ ਚੁੱਕ ਰਹੇ ਹਨ।

ਇਤਿਹਾਸ ਕਈ ਗੱਲਾਂ ਲਈ ਚੰਗੀ ਉਦਾਹਰਣ ਬਣ ਸਕਦਾ ਹੈ ਬਸ਼ਰਤੇ ਕੋਈ ਇਤਿਹਾਸ ਤੋਂ ਸਬਕ ਲੈਣ ਦੀ ਇੱਛਾ ਰੱਖਦਾ ਹੋਵੇ। ਇਤਿਹਾਸ ਗਵਾਹ ਹੈ ਕਿ 2006 ਵਿੱਚ ਲਿਬਨਾਨ ਜੰਗ ਦੌਰਾਨ ਅਟਕੇ 15 ਹਜ਼ਾਰ ਕੈਨੇਡੀਅਨਾਂ ਨੂੰ ਕੱਢ ਕੇ ਲਿਆਉਣ ਲਈ ਫੈਡਰਲ ਸਰਕਾਰ ਨੇ 94 ਮਿਲੀਅਨ ਡਾਲਰ ਖਰਚ ਕੀਤੇ ਸਨ। ਇਹ ਖਰਚਾ ਤਕਰੀਬਨ 7500 ਡਾਲਰ ਪ੍ਰਤੀ ਵਿਅਕਤੀ ਬਣਦਾ ਸੀ। ਉਸ ਮਦਦ ਦੇ ਮੁਕਾਬਲੇ ਪੰਜਾਬ ਭਾਰਤ ਫਸੇ ਕੈਨੇਡੀਅਨਾਂ ਨੂੰ ਕੀ ਦਿੱਤਾ ਜਾ ਰਿਹਾ ਹੈ? ਕੀ ਲਿਬਨਾਨ ਜੰਗ ਕੋਰੋਨਾ ਵਾਇਰਸ ਵੱਲੋਂ ਚਲਾਈ ਗਈ ਵਿਸ਼ਵ ਜੰਗ ਤੋਂ ਵੀ ਵੱਡੀ ਸੀ? ਲਿਬ-ਨਾਨ ਤੋਂ ਲਿਆਂਦੇ ਗਏ 15000 ਹਜ਼ਾਰ ਕੈਨੇਡੀਅਨਾਂ ਵਿੱਚੋਂ ਵੱਡੀ ਗਿਣਤੀ ਵਿੱਚ ਉਹ ਸਨ ਜਿਹੜੇ ਐਨੇ ਪੱਕੇ ਲਿਬਨਾਨੀ ਸਨ ਕਿ ਉਹਨਾਂ ਨੇ ਸਾਲਾਂ ਬੱਧੀ ਕੈਨੇਡਾ ਦਾ ਮੂੰਹ ਤੱਕ ਨਹੀਂ ਸੀ ਵੇਖਿਆ। ਇਹ ਮੌਕਾ ਪ੍ਰਸਤ ਲੋਕਾਂ ਨੇ ਜੰਗ ਬੰਦ ਹੋਣ ਤੋਂ ਬਾਅਦ ਜਦੋਂ ਵੇਖਿਆ ਕਿ ਜਾਨ ਬਚਾਈ ਹੋ ਗਈ ਤਾਂ ਚੰਦ ਦਿਨਾਂ ਵਿੱਚ ਹੀ ਮੁੜ ਲਿਬਨਾਨ ਪਰਤ ਗਏ ਸਨ। ਚੇਤੇ ਰਹੇ ਕਿ Canadians of convenience ਅਖਾਣ ਉਸ ਵੇਲੇ ਹੀ ਪ੍ਰਚੱਲਿਤ ਹੋਈ ਸੀ।

ਰੇਡੀਓ ਖ਼ਬਰਸਾਰ ਵੱਲੋਂ ਭਾਰਤ ਵਿੱਚ ਅਟਕੇ ਕੈਨੇਡੀਅਨਾਂ ਦੀ ਸਥਿਤੀ ਬਾਰੇ ਸੁਆਲ ਵਿਰੋਧੀ ਧਿਰ ਦੇ ਆਗੂ ਐਂਡਰੀਊ ਸ਼ੀਅਰ ਨੂੰ ਕੱਲ੍ਹ 'ਰੇਡੀਓ ਟਾਊਨ ਹਾਲ' ਦੌਰਾਨ ਪੁੱਛਿਆ ਗਿਆ ਸੀ। ਜਵਾਬ ਵਿੱਚ ਸ਼ੀਅਰ ਨੇ ਪੱਕਾ ਜਵਾਬ ਦੇਣ ਲਈ ਕਿਸੇ ਸਟਾਫ ਨੂੰ ਮੁਕੱਰਰ ਕਰਨ ਦਾ ਵਾਅਦਾ ਕੀਤਾ ਪਰ ਹਾਲੇ ਤੱਕ ਕੋਈ ਖ਼ਬਰਸਾਰ ਦੇਣ ਲਈ ਨਹੀਂ ਬਹੁੜਿਆ ਹੈ! ਜੇ ਵਿਰੋਧੀ ਧਿਰ ਦਾ ਇਹ ਹਾਲ ਹੈ ਤਾਂ ਸਰਕਾਰ ਦੀ ਸਪੀਡ ਬਾਰੇ ਕੀ ਕਿਹਾ ਜਾਵੇ?

## ਕੈਨੇਡਾ ਵਿੱਚ ਕੋਵਿਡ-19 ਦੇ ਮਾਮਲੇ 10,000 ਦਾ ਅੰਕੜਾ ਟੱਪੇ

...ਪੰਨਾ 1 ਦਾ ਬਾਕੀ

ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਜੇ ਤੁਹਾਡੀ ਕਮਿਊਨਿਟੀ ਤੋਂ ਕਿਸੇ ਤਰ੍ਹਾਂ ਦੇ ਕੇਸ ਮਿਲਣ ਦੀ ਕੋਈ ਖਬਰ ਨਹੀਂ ਆ ਰਹੀ ਤਾਂ ਇਸ ਤੋਂ ਇਹ ਮਤਲਬ ਨਹੀਂ ਹੈ ਕਿ ਕਿਸੇ ਤਰ੍ਹਾਂ ਦੇ ਐਕਸਪੋਜ਼ਰ ਦਾ ਖਤਰਾ ਨਹੀਂ ਹੈ। ਸਾਡਾ ਮੰਨਣਾ ਹੈ ਕਿ ਕੋਈ ਵੀ ਇਸ ਵਾਇਰਸ ਨਾਲ ਇਨਫੈਕਟ ਹੋ ਸਕਦਾ ਹੈ ਤੇ ਇਸੇ ਲਈ ਇਸ ਸੰਕ੍ਰਮਣ ਤੋਂ ਬਚਣ ਲਈ ਦੋ ਮੀਟਰ ਦੀ ਦੂਰੀ ਬਣਾਉਣਾ ਸੁਰੱਖਿਅਤ ਤਰੀਕਾ ਹੈ। ਟੈਮ ਨੇ ਆਖਿਆ ਕਿ ਟੈਸਟ ਕਰਨ ਦੇ ਮਾਮਲੇ ਵਿੱਚ ਵੀ ਕੈਨੇਡਾ ਦੁਨੀਆ ਭਰ ਵਿੱਚ ਸਭ ਤੋਂ ਮੂਹਰੇ ਹੈ। ਹੁਣ ਤੱਕ ਅਸੀਂ 260,000 ਲੋਕਾਂ ਤੋਂ ਵੀ ਵੱਧ ਦੇ ਟੈਸਟ ਕਰ ਚੁੱਕੇ ਹਾਂ। ਇਨ੍ਹਾਂ ਵਿੱਚੋਂ ਸਾਢੇ ਤਿੰਨ ਫੀ ਸਦੀ ਲੋਕ ਪਾਜ਼ੀਟਿਵ ਪਾਏ ਗਏ ਜਦਕਿ 95 ਫੀ ਸਦੀ ਨੈਗੇਟਿਵ ਪਾਏ ਗਏ।

## ਟੋਰਾਂਟੋ ਦੇ ਪਾਰਕਾਂ ਵਿੱਚ ਦੋ ਮੀਟਰ ਦਾ ਫਾਸਲਾ ਰੱਖ ਕੇ ਤੁਰਨ ਦਾ ਨਿਯਮ ਹੋਇਆ ਲਾਗੂ

...ਪੰਨਾ 1 ਦਾ ਬਾਕੀ

ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਟੋਰੀ ਨੇ ਆਖਿਆ ਕਿ ਇਹ ਨਿਯਮ ਉਨ੍ਹਾਂ ਲੋਕਾਂ ਉੱਤੇ ਲਾਗੂ ਨਹੀਂ ਹੋਵੇਗਾ ਜਿਹੜੇ ਇੱਕੋ ਘਰ ਵਿੱਚ ਰਹਿ ਰਹੇ ਹਨ। ਕੋਵਿਡ-19 ਮਹਾਮਾਰੀ ਬਾਰੇ ਸਿਟੀ ਵੱਲੋਂ ਕੀਤੀ ਜਾਣ ਵਾਲੀ ਰੋਜ਼ਾਨਾ ਬ੍ਰੀਫਿੰਗ ਮੌਕੇ ਟੋਰੀ ਨੇ ਆਖਿਆ ਕਿ ਇਹ ਬਾਇਲਾਅ ਅਗਲੇ 30 ਦਿਨਾਂ ਤੱਕ ਲਾਗੂ ਰਹੇਗਾ। ਉਨ੍ਹਾਂ ਆਖਿਆ ਕਿ ਅਸੀਂ ਕੋਵਿਡ-19 ਮਹਾਮਾਰੀ ਨੂੰ ਆਪਣੇ ਸ਼ਹਿਰ ਵਿੱਚ ਫੈਲਣ ਤੋਂ ਰੋਕਣ ਲਈ ਅਜਿਹੇ ਫੈਸਲੇ ਕਰ ਰਹੇ ਹਾਂ ਜਿਸ ਵਿੱਚ ਸਭ ਦੀ ਭਲਾਈ ਹੈ।

ਟੋਰੀ ਨੇ ਆਖਿਆ ਕਿ ਨਿਊ ਯੌਰਕ ਤੇ ਇਟਲੀ ਵਿੱਚ ਇਸ ਮਹਾਮਾਰੀ ਕਾਰਨ ਹੋ ਰਹੀਆਂ ਮੌਤਾਂ ਵਾਲਾ ਹਾਲ ਸਾਡੇ ਸ਼ਹਿਰ ਨਾ ਹੋਵੇ ਇਸ ਲਈ ਅਸੀਂ ਇਹਤਿਆਤਨ ਇਹ ਕਦਮ ਚੁੱਕ ਰਹੇ ਹਾਂ। ਅਸੀਂ ਇਸ ਮਹਾਮਾਰੀ ਨੂੰ ਰੋਕਣ ਲਈ ਉਹ ਸਭ ਕਰਾਂਗੇ ਜੋ ਸਾਡੇ ਵੱਸ ਵਿੱਚ ਹੈ। ਵੀਰਵਾਰ ਦੁਪਹਿਰ 1:00 ਵਜੇ ਤੱਕ ਟੋਰਾਂਟੋ ਵਿੱਚ ਕੋਵਿਡ-19 ਦੇ 897 ਮਾਮਲਿਆਂ ਦੀ ਪੁਸ਼ਟੀ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਏਲੀਨ ਡੀ ਵਿੱਲਾ ਵੱਲੋਂ ਕੀਤੀ ਗਈ। ਟੋਰਾਂਟੋ ਵਿੱਚ ਇਸ ਮਹਾਮਾਰੀ ਕਾਰਨ 11 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।

## ਤਬਲੀਗੀ ਜਮਾਤ ਵਿੱਚ ਆਏ 960 ਵਿਦੇਸ਼ੀ ਲੋਕ ਬਲੈਕ ਲਿਸਟ ਕੀਤੇ ਗਏ

ਨਵੀਂ ਦਿੱਲੀ, 2 ਅਪਰੈਲ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਇਮੀਗਰੇਸ਼ਨਾਂ ਨਿਯਮਾਂ ਦੀ ਉਲੰਘਣਾ ਕਰ ਕੇ ਦਿੱਲੀ ਵਿੱਚ ਤਬਲੀਗੀ ਜਮਾਤ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਏ ਅਤੇ ਕੋਰੋਨਾ ਵਾਇਰਸ ਫੈਲਾਉਣ ਦੇ ਦੋਸ਼ੀ ਸਮਝੇ ਗਏ 960 ਵਿਦੇਸ਼ੀ ਲੋਕਾਂ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਤੇ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਸਾਰਿਆਂ ਨੂੰ ਕਾਲੀ ਸੂਚੀ ਵਿੱਚ ਸ਼ਾਮਲ ਕਰ ਕੇ ਉਨ੍ਹਾਂ ਲਈ ਇਸ ਦੇਸ਼ ਦੇ ਦਰਵਾਜ਼ੇ ਭਵਿੱਖ ਵਿੱਚ ਸਦਾ ਲਈ ਬੰਦ ਕਰ ਦਿੱਤੇ ਹਨ।

ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਟੂਰਿਸਟ ਵੀਜ਼ੇ ਉੱਤੇ ਆਉਣ ਪਿੱਛੋਂ ਤਬਲੀਗੀ ਸਮਾਗਮ ਵਿੱਚ ਸ਼ਾਮਲ ਹੋ ਕੇ ਇਨ੍ਹਾਂ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੋਣ ਕਾਰਨ ਉਨ੍ਹਾਂ ਦਾ ਵੀਜ਼ਾ ਰੱਦ ਕੀਤਾ ਗਿਆ ਹੈ। ਇਨ੍ਹਾਂ ਨੇ ਕੋਰੋਨਾ ਦੇ ਸੰਕਟ ਦੌਰਾਨ ਵੱਡੀ ਗਿਣਤੀ ਵਿਚ ਇਕੱਠੇ ਨਾ ਹੋਣ ਦੇ ਹੁਕਮਾਂ ਦੀ ਵੀ ਉਲੰਘਣਾ ਕੀਤੀ ਹੈ, ਜਿਸ ਕਾਰਨ ਇਨ੍ਹਾਂ ਸਾ-ਰਿਆਂ ਦੇ ਭਵਿੱਖ ਵਿੱਚ ਭਾਰਤ ਆਉਣ ਦੀ ਰੋਕ ਲਾ ਕੇ ਉਨ੍ਹਾਂ ਨੂੰ ਕਾਲੀ ਸੂਚੀ ਵਿੱਚ ਪਾ ਦਿੱਤਾ ਗਿਆ ਹੈ। ਇਨ੍ਹਾਂ ਸਾਰੇ ਵਿਦੇਸ਼ੀ ਤਬਲੀਗੀਆਂ ਉੱਤੇ ਕਾਨੂੰਨੀ ਕੇਸ ਵੀ ਚੱਲ ਸਕਦਾ ਹੈ। ਗ੍ਰਹਿ ਮੰਤਰਾਲੇ ਨੇ ਦਿੱਲੀ ਸਮੇਤ ਸਾਰੇ ਰਾਜਾਂ ਦੇ ਪੁਲਿਸ ਮੁਖੀਆਂ ਨੂੰ ਵਿਦੇਸ਼ੀ ਤਬਲੀਗੀਆਂ ਖ਼ਿਲਾਫ਼ ਵਿਦੇਸ਼ੀ ਕਾਨੂੰਨ ਤੇ ਆਫ਼ਤ ਮੈਨੇਜਮੈਂਟ ਕਾਨੂੰਨ ਦੇ ਅਧੀਨ ਕਾਰਵਾਈ ਕਰਨ ਲਈ ਕਿਹਾ ਹੈ। ਇਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਸਕਦਾ ਹੈ।

## ਮੁੱਖ ਮੰਤਰੀ ਪੰਜਾਬ ਨੇ ਰਾਜ ਵਿੱਚ ਸਾਰੇ ਇਕੱਠਾਂ ਉੱਤੇ ਰੋਕ ਲਾਈ

ਚੰਡੀਗੜ੍ਹ, 2 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਿਜ਼ਾਮੁਦੀਨ ਤੋਂ ਆਏ ਲੋਕਾਂ ਨੂੰ ਲੱਭ ਕੇ ਟੈਸਟ ਕਰਨ ਅਤੇ 21 ਦਿਨ ਦੇ ਏਕ-ਾਂਤਵਾਸ ਵਿੱਚ ਭੇਜਣ ਨੂੰ ਕਿਹਾ ਹੈ। ਸਿਵਲ ਤੇ ਪੁਲਿਸ ਅਫਸਰਾਂ ਦੇ ਨਾਲ ਕੀਤੀ ਗਈ ਵੀਡਿਓ ਕਾਨਫਰੰਸ ਵਿੱਚ ਮੁੱਖ ਮੰਤਰੀ ਨੇ ਦਿੱਲੀ ਤੋਂ ਅੰਮ੍ਰਿਤਸਰ ਆਏ ਪਾਕਿਸਤਾਨੀ ਨਾਗਰਿਕਾਂ ਲਈ ਏਕਾਂਤਵਾਸ ਦੇ ਆਦੇਸ਼ ਦਿੱਤੇ ਹਨ, ਤਾਂ ਕਿ ਕੋਰੋਨਾ ਵਾਇਰਸ ਦੇ ਫੈਲਣ ਦੀ ਸੰਭਾਵਨਾ ਨਾ ਰਹੇ।

ਦਿੱਲੀ ਦੇ ਤਬਲੀਗੀ ਮਰਕਜ਼ ਵਾਲੇ ਕੇਸ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸਖਤੀ ਨਾਲ ਧਾਰਮਿਕ ਸਮਾਗਮਾਂ ਸਣੇ ਰਾਜ ਵਿੱਚ ਹਰ ਤਰਾਂ ਦੇ ਇਕੱਠ ਉਤੇ ਪੂਰੀ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਇਕੱਠਾਂ ਉੱਤੇ ਪਾਬੰਦੀ ਵਿੱਚ ਕਿਸੇ ਵੀ ਧਰਮ ਨੂੰ ਛੋਟ ਨਹੀਂ ਦੇਵੇਗੀ। ਵਿਸਾਖੀ ਦੇ ਤਿਉਹਾਰ ਨੂੰ ਦੇਖ ਕੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ ਉੱਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਗੱਲ ਕਰਨਗੇ ਤੇ ਚੀਫ ਸੈਕਟਰੀ ਨੂੰ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਚਾਰਨ ਲਈ ਕਿਹਾ ਹੈ। ਉਨ੍ਹਾ ਨੇ ਪੁਲਿਸ ਤੇ ਸਿਵਲ ਦੇ ਸਾਰੇ ਅਫਸਰਾਂ ਨੂੰ ਕਿਹਾ ਹੈ ਕਿ ਨਿਜ਼ਾਮੁਦੀਨ ਤੋਂ ਆਏ ਲੋਕਾਂ ਨੂੰ ਲੱਭਣ ਦੀ ਮੁਹਿੰਮ ਵਿੱਢੀ ਜਾਵੇ।

ਇਸ ਦੌਰਾਨ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਅਨੁਸਾਰ ਵੱਖ-ਵੱਖ ਸਮੇਂ ਉੱਤੇ ਪੰਜਾਬ ਵਿੱਚੋਂ 200 ਲੋਕ ਦਿੱਲੀ ਨਿਜ਼ਾਮੁਦੀਨ ਗਏ ਤੇ ਮੁੜੇ ਸਨ। ਇਨ੍ਹਾਂ ਨਾਲ 12 ਜ਼ਿਲ੍ਹਿਆਂ ਦੇ ਪ੍ਰਭਾਵਿਤ ਹੋਣ ਦਾ ਡਰ ਹੈ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਾਕਿਸਤਾਨ ਨੇ ਦਿੱਲੀ ਤੋਂ ਮੁੜੇ ਆਪਣੇ ਨਾਗਰਿਕਾਂ ਵਿੱਚੋਂ ਚਾਰ ਨੂੰ ਦੇਸ਼ ਮੁੜਨ ਦੀ ਇਜਾਜ਼ਤ ਦੇ ਦਿੱਤੀ ਹੈ, ਜਿਨ੍ਹਾਂ ਵਿੱਚੋਂ ਤਿੰਨ ਪਾਜ਼ੇਟਿਵ ਹਨ। ਉਨ੍ਹਾਂ ਦੱਸਿਆ ਕਿ ਕੁਝ ਪਾਕਿਸਤਾਨੀ ਅਜੇ ਵੀ ਅੰਮ੍ਰਿਤਸਰ ਵਿੱਚ ਹਨ। ਇਸ ਮੀਟਿੰਗ ਵਿੱਚ ਦੱਸਿਆ ਗਿਆ ਕਿ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਦੇ ਪਰਿਵਾਰ ਨੂੰ ਏਕਾਂਤਵਾਸ ਵਿੱਚ ਰੱਖਿਆ ਗਿਆ ਹੈ। ਭਾਈ ਨਿਰਮਲ ਸਿੰਘ ਮੋਗਾ ਵਿੱਚ ਇਕ ਵਿਆਹ ਵਿੱਚ ਸ਼ਾਮਲ ਹੋਏ ਸਨ ਤੇ ਜਿਹੜੇ ਲੋਕ ਇਸ ਸਮਾਗਮ ਵਿੱਚ ਉਨ੍ਹਾਂ ਦੇ ਸੰਪਰਕ ਵਿੱਚ ਆਏ, ਉਨ੍ਹਾਂ ਨੂੰ ਵੀ ਏਕਾਂਤਵਾਸ ਵਿੱਚ ਰੱਖਿਆ ਹੈ, ਭਾਵੇਂ ਉਨ੍ਹਾਂ ਵਿੱਚ ਲੱਛਣ ਨਹੀਂ ਪਾਏ ਗਏ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੁਧਿਆਣਾ ਵਿੱਚ 5.25 ਲੱਖ ਪਰਵਾਸੀ ਮਜ਼ਦੂਰਾਂ ਲਈ 60 ਕੈਂਪ ਬਣਾਏ ਹਨ, ਪਰ ਸਿਰਫ ਦੋ ਵਰਤੇ ਗਏ ਹਨ, ਜਿੱਥੇ ਉਨ੍ਹਾਂ ਨੂੰ ਲਗਾਤਾਰ ਭੋਜਨ ਦਿੱਤਾ ਜਾ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਲੇਬਰਫੈਡ ਵੱਲੋਂ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਲਈ 11 ਲੱਖ ਰੁਪਏ ਦਾਨ

ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ): ਕੋਵਿਡ-19 ਦੀ ਮਹਾਂਮਾਰੀ ਦੇ ਸੰਕਟ ਅਤੇ ਕਰਫਿਊ ਕਾਰਨ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਲੇਬਰਫੈਡ ਵੱਲੋਂ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਲਈ 11 ਲੱਖ ਰੁਪਏ ਦਿੱਤੇ ਗਏ। ਲੇਬਰਫੈਡ ਦੇ ਚੇਅਰਮੈਨ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਨੇ ਵੀਰਵਾਰ ਨੂੰ ਚੰਡੀਗੜ੍ਹ ਵਿਖੇ ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਲੇਬਰਫੁੱਡ ਤਰਫੋਂ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਵਿੱਚ ਯੋਗਦਾਨ ਪਾਉਣ ਲਈ 11 ਲੱਖ ਰੁਪਏ ਦਾ ਚੈਕ ਭੇਂਟ ਕੀਤਾ।

ਸਹਿਕਾਰਤਾ ਮੰਤਰੀ ਰੰਧਾਵਾ ਨੇ ਲੇਬਰਫੈਡ ਦੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿੱਚ ਉਨਾਂ ਵੱਲੋਂ ਪਾਇਆ ਇਹ ਯੋਗਦਾਨ ਸ਼ਲਾਘਾਯੋਗ ਉਪਰਾਲਾ ਹੈ। ਉਨਾਂ ਕਿਹਾ ਕਿ ਵੱਖ-ਵੱਖ ਸਹਿਕਾਰੀ ਅਦਾਰੇ ਜਿੱਥੇ ਆਪਣੀਆਂ ਸੇਵਾਵਾਂ ਰਾਹੀਂ ਸੂਬਾ ਵਾਸੀਆਂ ਦੀ ਮੱਦਦ ਕਰ ਰਹੇ ਹਨ ਉਥੇ ਰਾਹਤ ਫੰਡ ਵਿੱਚ ਵਿੱਤੀ ਮੱਦਦ ਪਾਉਣਾ ਸਲਾਹੁਣਯੋਗ ਕੋਸ਼ਿਸ਼ ਹੈ।

## ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ ਵਲੋਂ ਸਮੁੱਚੀ ਮਾਨਵਤਾ ਨੂੰ ਸਨਿਮਰ ਬੇਨਤੀ ਤੇ ਸੁਨੇਹਾ

ਮੈਂ ਜਾਣਿਆ ਦੁਖੁ ਮੁਝਕੋ
ਦੁਖ ਸਬਾਇਆ ਜਗ ॥
ਉਚੇ ਚੜ ਕੇ ਦੇਖਿਆ ਘਰੁ
ਘਰੁ ਏਹੀ ਅੱਗ ॥

ਆਓ ਪਿਆਰਿਓ ਇਸ ਦੁੱਖ ਦੀ ਘੜੀ ਤੇ ਸਮੇਂ ਦੀ ਭਿਆਨਕਤਾ ਨੂੰ ਦੇਖਦਿਆਂ ਇਕ ਜੁੱਟ ਹੋ ਕੇ ਇਕ ਦੂਜੇ ਪ੍ਰਤੀ ਸਾਵਧਾਨੀ ਤੇ ਮਦਦ ਕਰਨ ਦੀ ਨੀਤੀ ਨੂੰ ਅਪਣਾਈਏ ਤੇ ਗੁਰੂ ਨਾਨਕ ਸਾਹਿਬ ਜੀ ਦੀ ਸੋਚ 'ਤੇ ਪਹਿਰਾ ਦੇਈਏ। ਇਹੋ ਹੀ ਮਾਨਵਤਾ ਦੀ ਸੇਵਾ ਦਾ ਮੌਕਾ ਹੈ। ਇਸ ਨੂੰ ਹੱਥੋਂ ਨਾ ਜਾਣ ਦੇਈਏ।

ਆਪਣੇ ਆਪ ਨੂੰ ਆਤਮਿਕ ਤੌਰ 'ਤੇ, ਸਰੀਰਕ ਤੌਰ 'ਤੇ ਸ਼ੁੱਧ ਅਤੇ ਸਾਫ਼ ਕਰੀਏ। ਆਪਣੇ ਅੰਦਰੋਂ ਕੋਰੋਨਾ ਤੋਂ ਵੀ ਭਿਆਨਕ ਨਿੰਦਾ, ਚੁਗਲੀ, ਈਰਖਾ, ਦਵੈਸ਼ ਭਾਵਨਾ, ਚੋਰੀ, ਕਿਸੇ ਦਾ ਹੱਕ ਮਾਰਨਾ, ਬੁਰਾ ਸੋਚਣਾ, ਕਿਸੇ ਦੇ ਆਉਗਣ ਚਿਤਾਰਨੇ, ਮਨ ਹੋਰ ਮੁੱਖ ਹੋਰ ਵਾਲੀ ਕੋਹੜ ਰੂਪੀ ਬਿਮਾਰੀ ਨੂੰ ਕੱਢੀਏ ਤੇ ਮਾਨਵਤਾ ਦੀ ਸੇਵਾ ਵਿਚ ਜੁਟ ਜਾਈਏ ਅਤੇ ਨਿਰਸਵਾਰਥ ਭਾਵਨਾ ਨਾਲ ਸੇਵਾ ਕਰੀਏ।

ਮਾਨਵਤਾ 'ਤੇ ਆਈ ਹੋਈ ਇਸ ਭਿਆਨਕ ਦੁੱਖ ਦੀ ਘੜੀ 'ਚ ਕੋਈ ਭੀ, ਕਿਸੇ ਕਿਸਮ ਦਾ ਨਿੱਜੀ ਫਾਇਦਾ ਉਠਾਉਣ ਦੀ ਕੋਸ਼ਿਸ਼ ਨਾ ਕਰੀਏ। (ਇਹੋ ਹੀ ਮਾਨਵਤਾ ਦੀ ਸੇਵਾ ਹੈ)

ਕੈਨੇਡਾ ਪ੍ਰਸ਼ਾਸਨ ਵਲੋਂ ਸਭ ਦੇ ਭਲੇ ਲਈ ਚੁੱਕੇ ਕਦਮ ਤੇ ਹੁਕਮਾਂ ਦਾ ਪਾਲਣ ਕਰੀਏ ਤੇ ਪੂਰੀ ਤਰ੍ਹਾਂ ਸਹਿਯੋਗ ਦੇਈਏ।

ਇਕ ਦੂਜੇ ਤੋਂ ਵਿੱਥ ਰੱਖ ਕੇ ਫ਼ਤਹਿ ਜਾਂ ਗੱਲਬਾਤ ਦੀ ਸਾਂਝ ਕਰੀਏ।

ਵਾਹਿਗੁਰੂ ਜੀ ਦੀ ਕ੍ਰਿਪਾ ਸਦਕਾ ਲੰਮੇ ਸਮੇਂ ਤੋਂ ਨਿਰਸਵਾਰਥ ਭਾਵਨਾ ਨਾਲ ਕੰਮ ਕਰ ਰਹੀ ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ (ਜੀ.ਐਨ.ਐਨ.ਐਸ.ਸੀ.) ਸੰਸਥਾ ਹਰ ਵੇਲੇ ਮਾਨਵਤਾ ਦੀ ਸੇਵਾ 'ਚ ਹਾਜਰ ਹੈ ਤੇ ਤਤਪਰ ਹੈ। ਕਿਸੇ ਕਿਸਮ ਦੀ ਭੀ ਕੋਈ ਖਾਣ ਵਾਲੀ ਚੀਜ਼ ਜਾਂ ਮੈਡੀਸਨ, ਸੈਨੀਟਾਈਜ਼ਰ, ਗਲਵਜ਼, ਮਾਸਕ ਲਈ 647-760-9300 ਨੰਬਰ ਉਤੇ ਕਾਲ ਕਰੋ। ਸਾਡੀ ਕੋਸ਼ਿਸ਼ ਹੋਵੇਗੀ ਕਿ ਅਸੀਂ ਹਰ ਚੀਜ਼ ਆਪ ਜੀ ਦੇ ਬੂਹੇ ਤੱਕ ਪਹੁੰਚਾਈਏ।

ਜੇਕਰ ਅਸੀਂ ਕੁੱਝ ਭੀ ਨਹੀਂ ਕਰ ਸਕਦੇ ਤਾਂ ਕੋਸ਼ਿਸ਼ ਕਰੀਏ ਸਰਬੱਤ ਦੇ ਭਲੇ ਲਈ ਅਰਦਾਸ ਤੇ ਸਿਮਰਨ

ਸਮੁੱਚੀ ਮਾਨਵਤਾ ਦੀ ਸੇਵਾ ਲਈ ਹਾਜਰ
ਜੀ.ਐਨ.ਐਨ.ਐਸ.ਸੀ.
ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ
ਕੈਨੇਡਾ, ਰਜਿ.
ਫੋਨ: 647-760-9300

## ਗੁ: ਸਿੱਖ ਹੈਰੀਟੇਜ ਦੀ ਮੈਨੇਜਮੈਂਟ ਵਲੋਂ ਲਿਆ ਗਿਆ ਫੈਸਲਾ

ਸਮੂਹ ਸੰਗਤਾਂ ਦੇ ਚਰਨਾਂ 'ਚ ਸਨਿਮਰ ਬੇਨਤੀ ਹੈ ਜੀ ਕਿ ਮਾਨਵਤਾ 'ਤੇ ਆਈ ਹੋਈ ਇਸ ਮੁਸੀਬਤ ਦੀ ਘੜੀ ਨੂੰ ਮੁੱਖ ਰਖਦਿਆਂ ਮਾਨਵਤਾ ਦੇ ਭਲੇ ਲਈ ਕੁੱਝ ਸਮੇਂ (20-03-2020 ਤੋਂ) ਲਈ ਗੁਰੂ ਘਰ ਬੰਦ ਕੀਤਾ ਜਾ ਰਿਹਾ ਹੈ। ਇਸ 'ਚ ਸੰਗਤਾਂ ਦੇ ਸਹਿਯੋਗ ਦੀ ਬਹੁਤ ਲੋੜ ਹੈ। ਲੰਗਰ ਦੀ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਬਾਹਰੋਂ ਆਏ ਵਿਦਿਆਰਥੀ ਨਵੇਂ/ਇਮੀਗ੍ਰੈਂਟਸ ਬੰਦ ਡੱਬੇ 'ਚ ਖਾਣਾ ਬਾਹਰੋਂ ਪਿਕਅਪ ਵਿੰਡੋ ਤੋਂ ਲਿਜਾ ਸਕਦੇ ਹਨ।

BEST CANADIAN TRUCK &
FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam Media Group
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
Vision ZoomerTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਕੋਰੋਨਾ ਦੇ ਕਹਿਰ ਤੋਂ ਬਚਣਾ ਤਾਂ ਪਾਬੰਦੀਆਂ ਝੱਲੇ ਬਿਨਾ ਸਰਨਾ ਹੀ ਨਹੀਂ



ਜਤਿੰਦਰ ਪੰਨੂ

ਭਾਰਤ ਦੇ ਲੋਕਾਂ ਨੇ ਬੜੀ ਵਾਰੀ ਕਰਫਿਊ ਲੱਗੇ ਵੇਖੇ ਹੋਏ ਹਨ। ਲਾਕ-ਡਾਊਨ ਸ਼ਬਦ ਨਵਾਂ ਸੀ, ਲਾਗੂ ਹੋਣ ਨਾਲ ਇਹ ਵੀ ਲੋਕਾਂ ਨੂੰ ਸਮਝ ਆ ਗਿਆ। ਭਾਰਤ ਤੋਂ ਪਹਿਲਾਂ ਇਹ ਲਾਕ-ਡਾਊਨ ਚੀਨ ਵਿੱਚ ਹੋਇਆ ਸੀ। ਵੂਹਾਨ ਸ਼ਹਿਰ ਦੇ ਲੋਕਾਂ ਨੂੰ ਜਦੋਂ ਕੋਰੋਨਾ ਵਾਇਰਸ ਨੇ ਹਾਲੇ ਘੇਰਨਾ ਸ਼ੁਰੂ ਕੀਤਾ ਸੀ, ਚੀਨ ਸਰਕਾਰ ਨੇ ਇਸ ਨੂੰ ਰੋਕਣ ਵਾਸਤੇ ਇਹ ਕਦਮ ਫੌਰੀ ਤੌਰ ਉੱਤੇ ਅਤੇ ਪੂਰੀ ਸਖਤੀ ਨਾਲ ਚੁੱਕਿਆ ਸੀ। ਓਥੋਂ ਦੇ ਲੋਕਾਂ ਨੇ ਵਿਰੋਧ ਨਹੀਂ ਸੀ ਕੀਤਾ। ਕੌਮਾਂ ਅੰਦਰ ਜ਼ਾਬਤੇ ਦਾ, ਡਿਸਿਪਲਿਨ ਦਾ, ਕੀ ਅਰਥ ਹੁੰਦਾ ਹੈ ਤੇ ਇਸ ਦੇ ਲਾਭ ਕੀ ਹੁੰਦੇ ਹਨ, ਇਹ ਗੱਲ ਜਾਪਾਨ ਅਤੇ ਚੀਨ ਦੇ ਆਮ ਲੋਕਾਂ ਨੇ ਬਾਕੀ ਦੁਨੀਆ ਨੂੰ ਸਮਝਾ ਦਿੱਤੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਵਿੱਚ ਜਦੋਂ ਬਿਮਾਰੀ ਦਾ ਮੁੱਢ ਬੱਝਾ ਤਾਂ ਦੋਵਾਂ ਦੇਸ਼ਾਂ ਵਿੱਚ ਸਾਡੇ ਦੇਸ਼ ਵਾਂਗ ਸਮੁੱਚਾ ਲਾਕ-ਡਾਊਨ ਕਰਨ ਦੀ ਥਾਂ ਸੰਬੰਧਤ ਇਲਾਕਿਆਂ ਵਿੱਚ ਆਵਾਜਾਈ ਰੋਕੀ ਗਈ ਸੀ ਅਤੇ ਇਸ ਨਾਲ ਇਹ ਰੋਗ ਹੋਰ ਥਾਂਈਂ ਫੈਲਣ ਤੋਂ ਰੁਕ ਗਿਆ ਸੀ। ਇਰਾਨ ਤੇ ਇਟਲੀ ਵਿੱਚ ਇਸ ਮਾਮਲੇ ਵਿੱਚ ਅਵੇਸਲੇ ਹੋਣ ਦੇ ਕਾਰਨ ਜਦੋਂ ਨੁਕਸਾਨ ਹੋ ਚੁੱਕਾ ਸੀ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਮਝਣਾ ਚਾਹੀਦਾ ਸੀ, ਪਰ ਉਹ ਸੰਸਾਰ ਵਿੱਚ ਫੈਲ ਰਹੀ ਇਸ ਬਿਮਾਰੀ ਵੱਲ ਧਿਆਨ ਦੇਣ ਤੋਂ ਵੱਧ ਚੋਣਾਂ ਦੇ ਮੋਰਚੇ ਵੱਲ ਹੀ ਰੁੱਝਾ ਰਿਹਾ ਸੀ। ਸਿੱਟਾ ਇਹ ਨਿਕਲਿਆ ਕਿ ਚੀਨ ਤੋਂ ਬਾਅਦ ਜਦੋਂ ਉਹੋ ਬਿਮਾਰੀ ਇਟਲੀ ਵਿੱਚ ਆਈ ਤਾਂ ਉਸ ਦਾ ਬੁਰਾ ਹਾਲ ਹੋ ਗਿਆ ਅਤੇ ਫਿਰ ਜਦੋਂ ਉਸ ਦੇ ਬਾਅਦ ਅਮਰੀਕਾ ਵਿੱਚ ਪਹੁੰਚੀ, ਓਥੇ ਵੀ ਕੇਸਾਂ ਤੇ ਮੌਤਾਂ ਦੀ ਗਿਣਤੀ ਧੜਾਧੜ ਵਧਣ ਲੱਗ ਪਈ।

ਅਸੀਂ ਕਈ ਗੱਲਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਾਂ ਤੇ ਅਜਿਹਾ ਕਰਨ ਵਿੱਚ ਕੁਝ ਗਲਤ ਨਹੀਂ ਕਰਦੇ, ਪਰ ਉਸ ਨੇ ਜਦੋਂ ਦੇਸ਼ ਵਿੱਚ ਇੱਕ ਦਿਨ ਦਾ ਜਨਤਾ ਕਰਫਿਊ ਲਾਗੂ ਕਰਨ ਲਈ ਸੱਦਾ ਦੇਣ ਵਾਲਾ ਭਾਸ਼ਣ ਕੀਤਾ ਸੀ, ਅਸੀਂ ਸਭ ਤੋਂ ਪਹਿਲਾਂ ਇਸ ਦਾ ਸਵਾਗਤ ਕੀਤਾ ਸੀ। ਕਾਰਨ ਸਿਰਫ ਇਹ ਸੀ ਕਿ ਅਸੀਂ ਚੀਨ ਤੇ ਜਾਪਾਨ ਵਿੱਚ ਲਾਕ-ਡਾਊਨ ਦੇ ਸਿੱਟੇ ਵੇਖਣ ਪਿੱਛੋਂ ਇਹ ਕਦਮ ਠੀਕ ਸਮਝਦੇ ਸਾਂ। ਫਿਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਫਿਊ ਲਾਉਣ ਦਾ ਐਲਾਨ ਕੀਤਾ ਤਾਂ ਅਸੀਂ ਇਸ ਸਖਤ ਕਦਮ ਲਈ ਮਾਨਸਿਕ ਪੱਖ ਤੋਂ ਭਾਵੇਂ ਖੁਦ ਵੀ ਤਿਆਰ ਨਹੀਂ ਸਾਂ, ਫਿਰ ਵੀ ਇਸ ਨੂੰ ਬਚਾਅ ਦੇ ਕਦਮ ਵਜੋਂ ਜਾਇਜ਼ ਮੰਨਿਆ ਤੇ ਲੋਕਾਂ ਨੂੰ ਇਸ ਨੂੰ ਮੰਨ ਕੇ ਬਿਮਾਰੀ ਤੋਂ ਬਚਾਅ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ ਸੀ। ਸਰਕਾਰਾਂ ਦੇ ਇਹ ਦੋਵੇਂ ਕਦਮ ਜਿਨ੍ਹਾਂ ਲੋਕਾਂ ਨੂੰ ਗਲਤ ਲੱਗੇ ਸੀ ਤੇ ਉਹ ਪੁੱਛਦੇ ਸਨ ਕਿ ਇਸ ਨਾਲ ਕੀ ਹੋਊਗਾ, ਉਨ੍ਹਾਂ ਨੂੰ ਅਸੀਂ ਦੱਸਿਆ ਸੀ ਕਿ ਜਿਹੜੇ ਲੋਕਾਂ ਵਿੱਚ ਕੋਰੋਨਾ ਵਾਇਰਸ ਦਾ ਕੋਈ ਕੀਟਾਣੂ ਹੋਇਆ, ਉਹ ਇਸ ਕਰਫਿਊ ਦੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਤੇ ਇਲਾਜ ਕੀਤਾ ਜਾ ਸਕੇਗਾ ਤੇ ਬਾਕੀ ਲੋਕਾਂ ਨੂੰ ਬਿਮਾਰੀ ਤੋਂ ਬਚੇ ਹੋਏ ਕਰਾਰ ਦੇ ਕੇ ਕੰਮ ਕਰਨ ਦੀ ਖੁੱਲ੍ਹ ਮਿਲ ਜਾਵੇਗੀ।

ਆਮ ਲੋਕਾਂ ਨੂੰ ਚਾਹੀਦਾ ਸੀ ਕਿ ਉਹ ਇਸ ਨੂੰ ਮੰਨਦੇ, ਪਰ ਜਿੱਥੇ ਕੁਝ ਲੋਕਾਂ ਦੀ ਬਾਹਰ ਆਉਣ ਦੀ ਮਜਬੂਰੀ ਸੀ, ਓਥੇ ਕੁਝ ਹੋਰ ਲੋਕਾਂ ਨੂੰ ਬਾਹਰ ਘੁੰਮ ਕੇ ਵੇਖਣ ਦਾ ਸ਼ੌਕ ਵੀ ਸੜਕਾਂ ਉੱਤੇ ਲੈ ਆਇਆ। ਅੱਗੇ ਪੁਲਸ ਮੁਲਾਜ਼ਮ ਅਜੇ ਵੀ ਅੰਗਰੇਜ਼ੀ ਰਾਜ ਵੇਲੇ ਦਾ ਵਿਹਾਰ ਕਰਨਾ ਨਹੀਂ ਛੱਡਦੇ। ਉਨ੍ਹਾਂ ਨੇ ਲੋਕਾਂ ਨੂੰ ਸਮਝਾਉਣ ਜਾਂ ਚਾਰ ਪਲ ਖੂੰਜੇ ਵਿੱਚ ਬਿਠਾ ਕੇ ਘਰੀਂ ਮੋੜਨ ਦੀ ਥਾਂ ਆਮ ਲੋਕਾਂ ਨੂੰ ਸੜਕਾਂ ਉੱਤੇ ਕੁੱਟਣ, ਮੁਰਗਾ ਬਣਾਉਣ, ਨੱਕ ਨਾਲ ਲਕੀਰਾਂ ਕੱਢਵਾਉਣ ਅਤੇ ਸੜਕਾਂ ਉੱਤੇ ਲੇਟਣੀਆਂ ਖਾਣ ਲਈ ਮਜਬੂਰ ਕਰਨ ਦਾ ਉਹ ਕੰਮ ਫੜ ਲਿਆ, ਜਿਹੜਾ ਕਦੇ ਨਹੀਂ ਹੋਣਾ ਚਾਹੀਦਾ। ਪਤਾ ਲੱਗਾ ਕਿ ਮੁੱਖ ਮੰਤਰੀ ਅਤੇ ਪੰਜਾਬ ਪੁਲਸ ਦੇ ਮੁਖੀ ਨੇ ਪੁਲਸ ਵਾਲਿਆਂ ਨੂੰ ਅਕਲ ਨਾਲ ਵਿਹਾਰ ਕਰਨ ਲਈ ਕਿਹਾ ਸੀ, ਪਰ ਏਦਾਂ ਦੀ ਸਮਝਾਉਣੀ ਦਾ ਬਹੁਤਾ ਅਸਰ ਹੇਠਾਂ ਅਮਲ ਵਿੱਚ ਨਹੀਂ ਵੇਖਿਆ ਗਿਆ। ਪੁਲਸ ਵਾਲੇ ਆਪਣੇ ਪੁੱਠ ਕੰਮ ਕਰਨ ਲੱਗੇ ਰਹੇ। ਜਿਸ ਦੇਸ਼ ਵਿੱਚ ਏਦਾਂ ਦੀ ਅਮਨ-ਕਾਨੂੰਨ ਦੀ ਮਸ਼ੀਨਰੀ ਹੋਵੇ, ਓਥੇ ਕੀਤਾ ਗਿਆ ਚੰਗਾ ਕੰਮ ਵੀ ਸਹੀ ਸਿੱਟੇ ਕੱਢਣ ਦੀ ਥਾਂ ਖੇਹ ਉਡਾਉਣ ਦਾ ਕਾਰਨ ਬਣਦਾ ਹੈ। ਸਰਕਾਰ ਇਸ ਨੂੰ ਰੋਕ ਨਹੀਂ ਸੀ ਸਕੀ। ਇਸ ਕਾਰਨ ਬਦਨਾਮੀ ਹੋਈ ਤਾਂ ਇਹ ਪੁਲਸ ਵਾਲਿਆਂ ਦੀ ਨਹੀਂ ਹੋਈ,



ਪੁਲਸ ਦੀ ਕਮਾਂਡ ਕਰਨ ਵਾਲੀ ਸਰਕਾਰ ਦੀ ਹੀ ਹੋਣੀ ਸੀ।

ਦੂਸਰੀ ਗੱਲ ਇਹ ਕਿ ਇੱਕ ਗਿਆਨੀ ਬਲਦੇਵ ਸਿੰਘ ਦੀ ਮੂਰਖਤਾ ਕਾਰਨ ਪੰਜਾਬ ਵਿੱਚ ਕਈ ਥਾਂਈਂ ਇਸ ਰੋਗ ਦੀ ਲਾਗ ਪਹੁੰਚੀ ਹੋਣ ਕਰ ਕੇ ਉਸ ਨੂੰ ਲੋਕ ਗਾਲ੍ਹਾਂ ਕੱਢਦੇ ਹਨ, ਪਰ ਇਸ ਤਰ੍ਹਾਂ ਗਾਲ੍ਹਾਂ ਕੱਢਣ ਦਾ ਫਾਇਦਾ ਨਹੀਂ, ਉਹ ਆਦਮੀ ਮਰ ਚੁੱਕਾ ਹੈ। ਕਰਨ ਵਾਲਾ ਕੰਮ ਤਾਂ ਇਹ ਹੈ ਕਿ ਜਲੰਧਰ ਦੇ ਜਿਸ ਹਸਪਤਾਲ ਦੇ ਡਾਕਟਰਾਂ ਨੂੰ ਉਸ ਆਦਮੀ ਨੂੰ ਲੱਗ ਚੁੱਕੀ ਬਿਮਾਰੀ ਦਾ ਪਤਾ ਸੀ, ਉਨ੍ਹਾਂ ਨੂੰ ਇਸ ਦੇ ਬਾਵਜੂਦ ਉਸ ਆਦਮੀ ਨੂੰ ਜਾਣ ਦੇਣ ਤੇ ਸਿਹਤ ਵਿਭਾਗ ਤੋਂ ਓਹਲਾ ਰੱਖਣ ਲਈ ਕਟਹਿਰੇ ਵਿੱਚ ਖੜਾ ਕੀਤਾ ਜਾਵੇ। ਦੋ ਜ਼ਿਲਿਆਂ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਜਿਨ੍ਹਾਂ ਪਿੰਡ ਵਿੱਚ ਇਸ ਵੇਲੇ ਇਸ ਬਿਮਾਰੀ ਨੇ ਪਿੱਟਣੇ ਪਾ ਰੱਖੇ ਹਨ, ਉਨ੍ਹਾਂ ਲਈ ਜ਼ਿੰਮੇਵਾਰ ਮਰੀਜ਼ ਤਾਂ ਮਰ ਗਿਆ, ਡਾਕਟਰ ਕਿਤੇ ਨਹੀਂ ਚਲੇ ਗਏ, ਉਹ ਇਸ ਜ਼ਿੰਮੇਵਾਰੀ ਤੋਂ ਨਹੀਂ ਬਚਣੇ ਚਾਹੀਦੇ। ਜ਼ਮੀਨੀ ਕਬਜ਼ਿਆਂ ਤੱਕ ਦੇ ਕਈ ਵਿਵਾਦਾਂ ਵਿੱਚ ਉਲਝੀ ਹੋਈ ਉਸ ਹਸਪਤਾਲ ਦੀ ਮੈਨੇਜਮੈਂਟ ਦੇ ਹੱਥ ਏਨੇ ਲੰਮੇ ਹਨ ਕਿ ਅਜੇ ਤੱਕ ਉਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਹੋਈ।

ਤੀਸਰੀ ਗੱਲ ਇਹ ਹੈ ਕਿ ਅਣਕਿਆਸੀ ਬਿੱਜ ਪੈਣ ਵਰਗੀ ਇਸ ਬਿਮਾਰੀ ਦੇ ਖਿਲਾਫ ਲੜਨ ਲਈ ਸੰਸਾਰ ਵਿੱਚ ਇੱਕ ਉਚੇਚੀ ਕਤਾਰਬੰਦੀ ਚਾਹੀਦੀ ਹੈ, ਪਰ ਏਦਾਂ ਦੀ ਕਤਾਰਬੰਦੀ ਲਈ ਰਾਜਨੀਤਕ ਤੇ ਡਿਪਲੋਮੈਟਿਕ ਖਿੱਚੋਤਾਣ ਲਾਂਭੇ ਰੱਖਣੀ ਪੈਣੀ ਹੈ। ਕੁਝ ਦੇਸ਼ਾਂ ਨੇ ਇਸ ਲੜਾਈ ਲਈ ਚੀਨੀ ਤਜਰਬੇ ਤੋਂ ਸਿੱਖਣ ਦੀ ਥਾਂ ਉਸ ਦੇ ਖਿਲਾਫ ਸੰਸਾਰ ਭਰ ਵਿੱਚ ਨਵੀਂ ਭੰਡੀ ਦੀ ਮੁਹਿੰਮ ਵਿੱਢ ਦਿੱਤੀ ਹੈ। ਸਾਡੇ ਭਾਰਤ ਦੇ ਕੁਝ ਟੀ ਵੀ ਚੈਨਲ ਇਸ ਕੰਮ ਵਿੱਚ ਫਿਰ ਮੋਹਰੀ ਹੋ ਕੇ ਇੰਜ ਖੱਪ ਪਾਈ ਜਾਂਦੇ ਹਨ, ਜਿਵੇਂ ਗਵਾਂਢੀ ਦੇਸ਼ਾਂ ਦੇ ਖਿਲਾਫ ਭਾਰਤੀ ਲੋਕਾਂ ਨੂੰ ਭੜਕਾਉਣਾ ਉਨ੍ਹਾਂ ਦੀ ਆਦਤ ਹੈ। ਬਾਰਡਰ ਦੀ ਖਿੱਚੋਤਾਣ ਉਨ੍ਹਾਂ ਲਈ ਧਰਮ ਦੀ ਜੰਗ ਦਾ ਮੁੱਦਾ ਹੁੰਦਾ ਹੈ ਤੇ ਬਿਮਾਰੀ ਦੇ ਖਿਲਾਫ ਮੁਹਿੰਮ ਲਈ ਚੀਨ ਖਿਲਾਫ ਜਦੋਂ ਉਹ ਕਮਰਕੱਸ ਕਰਨ ਲੱਗੇ ਤਾਂ ਪੁਰਾਣੇ ਕੂੜ ਕਿੱਸੇ ਵੇਚੀ ਜਾਂਦੇ ਹਨ ਕਿ ਫਲਾਣੇ ਵੇਲੇ ਰੂਸ ਦੀ ਕਮਿਊਨਿਸਟ ਸਰਕਾਰ ਨੇ ਐਨੇ ਲੋਕ ਮਾਰ ਦਿੱਤੇ ਸਨ ਅਤੇ ਇਸ ਵਾਰੀ ਚੀਨ ਵਿੱਚ ਸਰਕਾਰ ਨੇ ਐਨੇ ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਹੈ। ਬਕਵਾਸ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੱਤੀ ਜਾਂਦੀ। ਇਟਲੀ ਵਿੱਚ ਬਿਮਾਰੀ ਦੇ ਵਧਣ ਉੱਤੇ ਸਭ ਤੋਂ ਅੱਗੇ ਹੋ ਕੇ ਜਿਸ ਕਿਊਬਾ ਨੇ ਇੱਕ ਮੈਡੀਕਲ ਬ੍ਰਿਗੇਡ ਓਥੋਂ ਦੇ ਲੋਕਾਂ ਦੀ ਮਦਦ ਲਈ ਭੇਜੀ, ਇਟਲੀ ਵਿੱਚ ਭਾਵੇਂ ਆਮ ਲੋਕਾਂ ਨੇ ਉਸ ਨਾਲ ਰਾਹਤ ਮਹਿਸੂਸ ਕੀਤੀ, ਪਰ ਅਮਰੀਕੀ ਰਾਸ਼ਟਰਪਤੀ ਤੇ ਉਸ ਦੀ ਚਾਟ ਉੱਤੇ ਲੱਗੇ ਹੋਏ ਮੀਡੀਆ ਦੇ ਢੰਡੋਰਚੀਆਂ ਨੇ ਉਸ ਦੇ ਖਿਲਾਫ ਵੀ ਭੰਡੀ-ਪ੍ਰਚਾਰ ਦੀ ਮੁਹਿੰਮ ਵਿੱਢ ਦਿੱਤੀ ਹੈ। ਇਸ ਤਰ੍ਹਾਂ ਲੱਗਣ ਲੱਗ ਪਿਆ ਹੈ ਕਿ ਉਨ੍ਹਾਂ ਲਈ ਇਸ ਮੌਕੇ ਵੀ ਬਿਮਾਰੀ ਦੇ ਖਿਲਾਫ ਸਾਰੇ ਸੰਸਾਰ ਦੇ ਲੋਕਾਂ ਨੂੰ ਇਕਜੁੱਟ ਕਰਨ ਨਾਲੋਂ ਵਡੇਰਾ ਕੰਮ ਡਿਪਲੋਮੇਸੀ ਦੇ ਮੋਰਚੇ ਉੱਤੇ ਟਰੰਪ ਦੀ ਫਤਹਿ ਦਾ ਨਗਾਰਾ ਖੜਕਾਉਣਾ ਅਤੇ ਅਮਰੀਕਾ ਵਿੱਚ ਟਰੰਪ ਨੂੰ ਦੋਬਾਰਾ ਚੋਣ ਜਿੱਤਦਾ ਵੇਖਣ ਹੀ ਹੋ ਗਿਆ ਹੈ। ਸਭ ਨੂੰ ਪਤਾ ਹੈ ਕਿ ਸਾਡਾ ਪ੍ਰਧਾਨ ਮੰਤਰੀ ਪਿਛਲੇ ਸਾਲ ਅਮਰੀਕਾ ਵਿੱਚ ਜਾ ਕੇ ਵੀ ਹਜ਼ਾਰਾਂ ਲੋਕਾਂ ਸਾਹਮਣੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਉਹ ਨਾਅਰਾ ਦੇ ਆਇਆ ਸੀ, ਜਿਹੜੇ ਡਿਪਲੋਮੈਟਿਕ ਚੱਜ-ਆਚਾਰ ਦੀਆਂ ਹੱਦਾਂ ਤੋਂ ਪਰੇ ਸੀ।

ਚੌਥਾ ਕੰਮ ਇਹੋ ਜਿਹੇ ਵਕਤ ਆਪਣੇ ਲੋਕਾਂ ਨੂੰ ਤਿਆਰ ਕਰਨ ਦਾ ਹੁੰਦਾ ਹੈ ਕਿ ਮੁਸੀਬਤ ਸਿਰਫ ਕਰਫਿਊ ਵਾਲੇ ਪੰਦਰਾਂ-ਵੀਹ ਦਿਨਾਂ ਦੀ ਨਹੀਂ, ਅਗਲੇ ਦਿਨਾਂ ਵਿੱਚ ਸੰਸਾਰ ਪੱਧਰ ਦੀ ਮਹਾਮਾਰੀ ਦੇ ਟਾਕਰੇ ਲਈ ਹੋਰ ਸਖਤੀ ਵਾਲਾ ਦੌਰ ਝੱਲਣਾ ਪੈ ਸਕਦਾ ਹੈ। ਕੇਂਦਰ ਦੀ ਸਰਕਾਰ ਤੇ ਰਾਜ ਦੀ ਵੀ ਇਸ ਬਾਰੇ ਬਹੁਤਾ ਕੁਝ ਨਹੀਂ ਕਰ ਸਕੀ। ਭਾਰਤ ਦੇ ਲੋਕਾਂ ਦਾ ਸੁਭਾਅ ਵੀ ਏਦਾਂ ਦਾ ਹੈ ਕਿ ਉਹ ਅਜੇ ਤੱਕ ਮਨਾਂ ਵਿੱਚ ਡਿਸਿਪਲਿਨ ਦਾ ਕੋਈ ਕੋਨਾ ਨਹੀਂ ਬਣਾ ਸਕੇ। ਬਹੁਤ ਵੱਡੇ-ਚੌੜੇ ਹਾਈਵੇ ਬਣਨ ਦੇ ਬਾਅਦ ਵੀ ਲੋਕਾਂ ਨੂੰ ਅਜੇ ਤੱਕ ਲਾਈਨਾਂ ਵਿੱਚ ਚੱਲਣ ਦੀ ਆਦਤ ਨਹੀਂ, ਬੈਂਕਾਂ ਜਾਂ ਹਸਪਤਾਲਾਂ ਤੇ ਹੋਰਨਾਂ ਥਾਂਵਾਂ ਉੱਤੇ ਲਾਈਨਾਂ ਵਿੱਚ ਲੱਗ ਕੇ ਆਪੋ ਆਪਣਾ ਕੰਮ ਭੁਗਤਾਉਣ ਦੀ ਥਾਂ ਧੱਕੇ ਮਾਰੀ ਜਾਣ ਅਤੇ ਆਪ ਵੀ ਧੱਕੇ ਖਾਣ ਦਾ ਸਾਡਾ ਸੁਭਾਅ ਨਹੀਂ ਬਦਲ ਰਿਹਾ। ਸੰਕਟ ਦਾ ਸਮਾਂ ਹੈ। ਰਾਜ ਸਰਕਾਰ ਦਾ ਹੁਕਮ ਹੈ ਜਾਂ ਕੇਂਦਰ ਦਾ, ਇਸ ਵੇਲੇ ਜੇ ਅਸੀਂ ਸੋਚੀਏ ਕਿ ਹਰ ਗੱਲ ਸਾਡੀ ਇੱਛਾ ਮੁਤਾਬਕ ਹੋਵੇਗੀ ਅਤੇ ਹਰ ਚੀਜ਼ ਇੱਛਾ ਮੁਤਾਬਕ ਮਿਲਦੀ ਰਹੇਗੀ ਤਾਂ ਇਹ ਗਲਤ ਹੋਵੇਗਾ। ਸੰਕਟ ਤਾਂ ਸੰਕਟ ਹੁੰਦਾ ਹੈ। ਮੁਲਕਾਂ ਦੇ ਇਤਹਾਸ ਵਿੱਚ ਏਦਾਂ ਦੇ ਸਮੇਂ ਵੀ ਆਉਣ ਦੇ ਬਿਰਤਾਂਤ ਮਿਲਦੇ ਹਨ, ਜਦੋਂ ਮਸਾਂ ਅੱਧੀ ਰੋਟੀ ਖਾ ਕੇ ਵੀ ਆਮ ਲੋਕਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਸ ਵਕਤ ਉਨ੍ਹਾਂ ਸੰਕਟਾਂ ਵਿੱਚੋਂ ਸਿਰਫ ਸਿਦਕ ਵਾਲੇ ਪਾਰ ਹੁੰਦੇ ਰਹੇ ਹਨ। ਅਜੋਕੇ ਸਮਾਂ ਵੀ ਚੀਨ ਤੋਂ ਅਮਰੀਕਾ ਤੱਕ ਤੇ ਸਾਡੇ ਭਾਰਤ ਤੋਂ ਦੁਨੀਆ ਦੀ ਹਰ ਨੁੱਕਰ ਤੱਕ ਓਸੇ ਕਿਸਮ ਦਾ ਸੰਕਟ ਦਾ ਸਮਾਂ ਹੈ, ਜਿਸ ਤੋਂ ਪਾਰ ਪਾਉਣ ਲਈ ਸਾਨੂੰ ਇੱਕ ਪਾਸੇ ਡਿਸਿਪਲਿਨ ਦੇ ਆਦੀ ਬਣਨਾ ਪਵੇਗਾ ਤੇ 'ਮਰ ਗਏ-ਮਰ ਗਏ' ਦੀਆਂ ਬਹੁੜੀਆਂ ਛੱਡ ਕੇ ਸਿਦਕ ਰੱਖ ਕੇ ਚੱਲਣਾ ਪਵੇਗਾ। ਇਹ ਸੰਕਟ ਕੁਦਰਤ ਦਾ ਪਾਇਆ ਹੋਇਆ ਹੈ, ਕੁਦਰਤ ਦੇ ਅੱਗੇ ਜ਼ਿਦਾਂ ਵੀ ਨਹੀਂ ਪੁੱਗ ਸਕਦੀਆਂ ਅਤੇ ਹੋਛਾਪਣ ਵੀ ਬਿਲਕੁਲ ਨਹੀਂ ਚੱਲ ਸਕਦਾ। ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਸਮੁੱਚੇ ਸੰਸਾਰ-ਪਿੰਡ ਦੇ ਹਰ ਦੇਸ਼ ਦੇ ਵਾਸੀਆਂ ਨੂੰ ਆਪਸੀ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਅਤੇ ਹਰ ਗੱਲ ਲਈ ਇੱਕ ਦੂਸਰੇ ਦਾ ਸਹਿਯੋਗ ਕਰਨਾ ਪੈਣਾ ਹੈ।

## ਕੀ ਮੈਂ ਝੂਠ ਬੋਲਿਆ . . .

# ਖੋਤੀ ਚੜ੍ਹੀ ਤੇ ਸ਼ਰੀਕਾਂ ਦੇ ਮਹੱਲੇ ਨਹੀਂ ਗਈ...

ਅਮਨਪ੍ਰੀਤ (ਜਸਪਾਲ) ਸਿੰਘ ਬੱਲ
647-990-1795

ਪੰਜਾਬੀ ਦਾ ਇਹ ਮੁਹਾਵਰਾ ਉਸ ਵਕਤ ਵਰਤਿਆ ਜਾਂਦਾ ਹੈ ਜਦੋਂ ਕੋਈ ਆਪਣੀ ਨਲਾਇਕੀ ਸਬੰਧੀ ਇਹ ਮਹਿਸੂਸ ਕਰਦਾ ਹੋਇਆ ਹੀ ਖੁਸ਼ਫਹਿਮੀ ਵਿਚ ਰਹੇ ਕਿ ਕਿਸੇ ਹੋਰ ਨੂੰ ਇਸ ਸਬੰਧੀ ਪਤਾ ਨਹੀਂ ਲੱਗਣਾ .

ਕੋਵਿਡ-19 ਦੀ ਮਹਾਂਮਾਰੀ ਸਦਕਾ ਵੱਖੋ-ਵੱਖਰੇ ਮੁਲਕਾਂ ਵਿਚ ਫਸੇ ਕੈਨੇਡੀਅਨ ਲੋਕਾਂ ਦੀ ਘਰ-ਵਾਪਸੀ ਸਬੰਧੀ ਉਨ੍ਹਾਂ ਮੁਲਕਾਂ ਵਿਚ ਫਸੇ ਹੋਏ ਕੈਨੇਡੀਅਨ ਲੋਕਾਂ ਤੋਂ ਇਲਾਵਾ ਉਨ੍ਹਾਂ ਦੇ ਕੈਨੇਡਾ ਵਿਚਲੇ ਪ੍ਰੀਵਾਰਕ ਮੈਂਬਰਾਂ ਅਤੇ ਦੋਸਤਾਂ ਦੇ ਮਨਾਂ ਅੰਦਰ ਬਹੁਤ ਹੀ ਸਵਾਲ ਖੜੇ ਹੋ ਰਹੇ ਹਨ ਅਤੇ ਉਹ ਜਸਟਿਨ ਟਰੂਡੋ ਸਰਕਾਰ ਦੇ ਮੰਤਰੀਆਂ ਅਤੇ ਐਮ ਪੀ ਦੀ ਚੁੱਪ ਜਾਂ " ਧੀਮੀ ਗਤੀ ਉਪਰ ਚੱਲਣ ਵਾਲੀ ਗੱਡੀ " ਦੀ ਜੂੰ-ਚਾਲ ਸਦਕਾ ਬੇਚੇਨੀ ਵਿਚ ਹਨ . ਇਹ ਬੇਚੇਨੀ ਅਤੇ ਗੁੱਸਾ ਆਪ-ਮੁਹਾਰੇ ਵੱਧਣਾ ਸੁਭਾਵਿਕ ਹੈ ਜਦੋਂ ਉਹ ਇਹ ਯਾਦ ਕਰਦੇ ਹਨ ਕਿ ਸਰਦ-ਰੁੱਤ ਦੇ ਮੌਸਮ ਦੌਰਾਨ ਹੋਈ ਇਲੈਕਸ਼ਨ ਵਿਚ ਜਦੋਂ ਵੰਲਟੀਅਰ ਲੋਕਾਂ ਦੇ ਘਰਾਂ ਵਿਚ ਫੱਟੇ ਗੱਡਣ ਜਾਂ ਫਲਾਇਰ ਵੰਡਣ ਤੋਂ ਬਾਅਦ ਦਫਤਰ ਵਿਚ ਵਾਪਸਿ ਮੁੜਦੇ ਸਨ ਤਾਂ ਉਨ੍ਹਾਂ ਦੇ ਹੱਥਾਂ ਨੂੰ ਛੂਹ ਕੇ " ਠੰਢੇ ਨਾਂ ਹੋਣ " ਦਾ ਤਾਅਨਾ ਮਾਰ ਕੇ ਹੋਰ ਵਧੇਰੇ ਚੌਣ-ਪ੍ਰਚਾਰ ਕਰਨ ਲਈ ਧਕੇਲਣ ਵਾਲੇ ਲੋਕ ਹੁਣ ਹਿੰਦੁਸਤਾਨ ਵਿਚ ਫਸੇ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਇਸ ਮੁਸੀਬਤ ਭਰੇ ਸਮੇਂ ਵਿਚ ਬਾਂਹ ਫੜਣ ਜਾਂ ਅਫਗਾਨਸਿਤਾਨ ਦੇ ਸਿੱਖ/ਹਿੰਦੂ ਰਫਿਊਜੀਆਂ ਦੇ ਮੁੱਦੇ ਪ੍ਰਤੀ ਇਮਾਨਦਾਰੀ ਅਪਣਵਉਣ ਦੇ ਬਜਾਏ ਬੇਰੁੱਖੀ ਵਾਲਾ ਵਤੀਰਾ ਅਪਣਾਈ ਬੈਠੇ ਹਨ .

ਹਿੰਦੁਸਤਾਨ ਵਿਚੋਂ ਜੋ ਚਾਰ ਫਲਾਈਟਾਂ ਦਿੱਲੀ ਤੋਂ ਚਲੱਣੀਆਂ ਹਨ, ਉਨ੍ਹਾਂ ਦੇ ਲਈ ਹਿੰਦੁਸਤਾਨ ਵਿਚ ਫਸੇ ਕੈਨੇਡੀਅਨ ਨੂੰ ਕਿਹਾ ਗਿਆ ਹੈ ਕਿ ਹਵਾਈ ਟਿਕਟ ਦਾ ਖਰਚਾ ਤਕਰੀਬਨ 2900 ਡਾਲਰ ਕੈਨੇਡੀਅਨ ਅਤੇ ਦਿੱਲੀ ਤੱਕ ਪਹੁੰਚਣ ਦੇ ਲਈ ਜੋ ਖਰਚਾ ਹੋਣਾ ਹੈ ਉਹ ਇਸ ਤੋਂ ਵੱਖਰਾ ਹੈ ਅਤੇ ਇਸ ਦੀ ਰਕਮ ਇਸ ਸਾਰੇ ਸਫਰ ਦੀ ਦੇਖ-ਰੇਖ ਕਰਨ ਵਾਲੀ ਕੰਪਨੀ ਵਲੋਂ ਦੱਸੀ ਜਾਵੇਗੀ . ਇਸ ਦੇ ਮੁਕਾਬਲੇ ਜਦੋਂ ਤੁਸੀਂ ਪਾਕਿਸਤਾਨ ਵਿਚਲੇ ਕੈਂਨੇਡੀਅਨ ਹਾਈ ਕਮਿਸ਼ਨਰ ਦੀ ਸੋਸ਼ਲ ਮੀਡੀਆ ਜਾਣਕਾਰੀ ਨੂੰ ਵਿਚਾਰਦੇ ਹੋ ਤੋਂ ਸਪਸ਼ੱਟ ਨਜ਼ਰ ਆਵੇਗਾ ਕਿ ਲਾਹੌਰ ਤੋਂ 2 ਸਿੱਧੀਆਂ ਫਲਾਈਟਾਂ ਟਰਾਂਟੋ ਲਈ ਤੁਰ ਪਈਆਂ ਹਨ . ਲਾਹੌਰ ਅਤੇ ਕਰਾਚੀ ਤੋਂ ਟਰਾਂਟੋ ਤੋਂ ਆਉਣ ਵਾਲੀਆਂ ਫਲਾਈਟਾਂ ਦਾ ਖਰਚਾ ਪਾਕਿਸਤਾਨੀ ਕਰੰਸੀ ਵਿਚ 325,750 (ਯਾਨਿ ਸਵਾ ਕੁ ਤਿੰਨ ਲੱਖ ਪਾਕਿਸਤਾਨੀ ਰੁਪਏ) ਹੈ ਜੋ ਕਿ $2764.21 ਕੈਨੇਡੀਅਨ ਕਰੰਸੀ ਬਣਦੀ ਹੈ .


ਕੀ ਜੀ ਟੇ ਏ (ਯਾਨਿ ਬਰੈਂਪਟਨ/ਮਿਸੀਸਾਗਾ/ਟਰਾਂਟੋ/ਓਕਵਿਲ/ਮਿਲਟਨ ਆਦਿ) ਵਿਖੇ ਵੱਸਦੇ ਸਾਡੇ ਸਮੁੱਚੇ ਭਾਈਚਾਰੇ ਨੂੰ ਵੇਕ-ਅੱਪ ਸਰੀ ਨਾਮ ਦੇ ਗਰੁੱਪ ਦੀ ਤਰ੍ਹਾਂ ਸਥਾਨਕ ਇਲਾਕੇਆਂ ਦੇ ਐਮ ਪੀ/ਮੰਤਰੀਆਂ ਦਾ ਮੁਕੰਮਲ ਬਾਈਕਾਟ ਕਰਨਾ ਪਵੇਗਾ ਤਾਂ ਫਿਰ ਹੀ ਜਸਟਿਨ ਟਰੂਡੋ ਦੇ ਕੰਨਾਂ ਤੱਕ ਅਸਲੀਅਤ ਪਹੁੰਚੇਗੀ ? ਵੇਕ-ਅੱਪ ਸਰੀ ਨਾਮ ਦੇ ਗਰੁੱਪ ਅਧੀਨ ਉਥੋਂ ਦੇ ਪੰਜਾਬੀਆਂ ਨੇ ਸਰੀ ਇਲਾਕੇ ਦੇ ਐਮ ਪੀ/ ਮੰਤਰੀਆਂ ਅਤੇ ਉਨ੍ਹਾਂ ਦੇ ਏਲਚੀਆਂ ਨੂੰ ਸਪਸ਼ੱਟ ਕਹਿ ਦਿੱਤਾ ਸੀ ਕਿ ਉਹ ਸਿਰਫ-ਤੇ-ਸਿਰਫ ਪ੍ਰਧਾਨ ਮੰਤਰੀ ਨਾਲ ਹੀ ਹੁਣ ਗੱਲ ਕਰਣਗੇ ਕਿਉਂਕਿ ਉਹ ਇਨ੍ਹਾਂ ਐਮ ਪੀ ਦੇ ਖੋਖਲੇ ਬਿਆਨਾਂ ਅਤੇ ਸਮੋਸੇ-ਪਕੌੜਿਆਂ ਵਾਲੀਆਂ ਮੀਟਿੰਗਾਂ ਵਿਚ ਇਨ੍ਹਾਂ ਵਲੋਂ ਕੀਤੀ ਜਾਂਦੀ ਫੌਕੀ ਬਿਆਨਬਾਜ਼ੀ ਸੁਣ ਕੇ ਥੱਕ ਚੁੱਕੇ ਹਨ .


ਇਸ ਪੋਸਟ ਦੇ ਨਾਲ ਵੇਕ-ਅੱਪ ਸਰੀ ਦੇ ਨਾਲ ਸਬੰਧਤ ਖਬਰ ਦੀ ਤਸਵੀਰ ਤੋਂ ਇਲਾਵਾ ਲਾਹੌਰ ਤੋਂ ਟਰਾਂਟੋ ਆ ਰਹੀ ਫਲਾਈਟ ਦੇ ਨਾਲ ਸਬੰਧਤ ਤਸਵੀਰਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਆਸ ਹੈ ਕਿ ਇਥੇ ਵੀ ਵੇਕ-ਅੱਪ ਜੀ ਟੀ ਏ ਲਹਿਰ ਬਣੇਗੀ . ਜੇਕਰ ਅਜਿਹਾ ਨਾਂ ਹੋਇਆ ਤਾਂ ਇਹ ਰਾਜਨੀਤਕ ਜਾਂ ਇਨ੍ਹਾਂ ਦੇ ਦੁਮ-ਛੱਲੇ ਜੋ ਕਿ ਵੀਜ਼ਾ/ਸਰਟੀਫਿਕੇਟ/ਨੌਕਰੀ ਦੀ ਲਾਲਸਾ ਵਿਚ ਹੀ ਸਾਰੀ ਜਿੰਦਗੀ ਇਨ੍ਹਾਂ ਦੇ ਮਗਰ-ਮਗਰ ਲੱਗੇ ਰਹਿੰਦੇ ਹਨ ਅਤੇ ਮੇਰੇ ਵਰਗੇ ਪ੍ਰਤੀ ਆਪਣੀ ਭੜਾਸ ਕੱਢਕੇ ਆਪਣੇ ਸਿਆਸੀ ਆਕਾ ਨੂੰ ਖੁਸ਼ ਕਰਨ ਦੀ ਕਾਹਲ ਵਿਚ ਰਹਿੰਦੇ ਹਨ ਜਾਂ ਇਨ੍ਹਾਂ ਰਾਜਨੀਤਕਾਂ ਵਲੋਂ " ਜਸਪਾਲ ਸਿੰਘ, ਤੂੰ ਸਾਡਾ ਦੁਸ਼ਮਣ ਨੰਬਰ 1 ਹੈ ਕਿਉਂਕਿ ਤੂੰ ਸਾਡੇ ਵਲੋਂ ਸੁਣਾਏ ਫੈਸਲੇ ਨੂੰ ਇਲਾਹੀ ਫੇਸਲਾ ਨਹੀਂ ਕਬੂਲਦਾ " ਕਹਿੰਦੇ ਹੋਏ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦੇ ਰਹਿਣਗੇ .









# ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖੂਪੁਰਾ



ਬੁੱਚੇਕੀ ਨਾਮੀ ਕਸਬਾ ਲਾਹੌਰ ਜੜਾਂਵਾਲਾ ਰੋਡ ਉੱਤੇ ਬਹੁਤ ਮਸ਼ਹੂਰ ਹੈ। ਪੁਰਾਣਾ ਸ਼ਹਿਰ ਸੜਕ ਤੋਂ ਕੋਈ ਇੱਕ ਕਿਲੋਮੀਟਰ ਹਟ ਕੇ ਹੈ। ਪੁਰਾਣੇ ਸ਼ਹਿਰ ਦੇ ਮੁਹੱਲੇ ਧਰਮਸ਼ਾਲਾ ਵਿੱਚ ਭਾਈ ਹਰਨਾਮ ਸਿੰਘ ਜੀ ਦੀ ਧਰਮਸ਼ਾਲਾ ਹੈ। ਇਹ ਇੱਕ ਬਹੁਤ ਹੀ ਸੁੰਦਰ ਇਮਾਰਤ ਸੀ। ਹੁਣ ਇਸ ਵਿੱਚ ਬਹੁਤ ਸਾਰੇ ਸ਼ਰਨਾਰਥੀਆਂ ਦੇ ਘਰ ਵਸ ਗਏ ਹਨ । ਉਹਨਾਂ ਨੇ ਇਸ ਇਮਾਰਤ ਦਾ ਸਾਰਾ ਹੁਸਨ ਬਰਬਾਦ ਕਰ ਦਿੱਤਾ ਹੈ। ਹੁਣ ਤਾਂ ਇਸ ਥਾਂ ਨੂੰ ਪਛਾਣਨਾ ਵੀ ਔਖਾ ਹੈ।

ਭਾਈ ਹਰਨਾਮ ਸਿੰਘ ਜੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਉਹਨਾ ਦਾ ਪ੍ਰੇਮ ਵੇਖ ਕੇ ਹੀ ਗੁਰੂ ਸਾਹਿਬ ਨੇ ਨਨਕਾਣਾ ਸਾਹਿਬ ਤੋਂ ਇੱਥੇ ਚਰਨ ਪਾਏ। ਜਿੱਥੇ ਆਪ ਬਿਰਾਹੇ, ਉਹ ਪੂਜਾ ਅਸਥਾਨ ਬਣ ਗਿਆ। ਇਸ ਪਿੰਡ ਤੋਂ ਬਾਹਰ ਦੀ ਆਬਾਦੀ ਭੋਰੇ ਵਿੱਚ ਵੀ ਗੁਰੂ ਜੀ ਦੇ ਬਿਰਾਜਣ ਦਾ ਅਸਥਾਨ ਹੈ, ਜਿੱਥੇ ਹੁਣ ਬੱਚਿਆਂ ਦਾ ਸਕੂਲ ਹੈ। ਦਸ ਚੇਤਰ ਨੂੰ ਮੇਲਾ ਜੁੜਦਾ ਹੁੰਦਾ ਸੀ।

# ਜਦੋਂ ਮਿਲ ਕੇ ਸਾਂਝੇ ਕੀਤੇ ਉਹ ਦਿਨ

-ਪ੍ਰਭਜੋਤ ਕੌਰ ਢਿੱਲੋਂ-

ਜਦੋਂ ਅਸੀਂ ਆਪਣੇ ਪੁਰਾਣੇ ਦੋਸਤਾਂ-ਮਿੱਤਰਾਂ ਜਾਂ ਸਹੇਲੀਆਂ ਨੂੰ ਮਿਲਦੇ ਹਾਂ ਤਾਂ ਪ੍ਰਾਪਤ ਹੋਈ ਖੁਸ਼ੀ ਬਿਆਨ ਕਰਨਾ ਏਨਾ ਹੀ ਔਖਾ ਹੁੰਦਾ ਹੈ, ਜਿੰਨਾ ਗੂੰਗੇ ਦਾ ਗੁੜ ਖਾਣ ਤੋਂ ਬਾਅਦ ਬਿਆਨ ਕਰਨਾ। ਹਰ ਉਮਰ ਵਿੱਚ ਬਣੇ ਰਿਸ਼ਤੇ ਤੇ ਸਾਂਝਾਂ ਆਪਣੇ ਆਪ ਵਿੱਚ ਬਹੁਤ ਕੁਝ ਸਮੇਟ ਲੈਂਦੀਆਂ ਹਨ। ਇਨ੍ਹਾਂ ਦੀ ਸਮਝ ਅਤੇ ਮਹੱਤਤਾ ਉਸ ਸਮੇਂ ਨਹੀਂ ਹੁੰਦੀ, ਪਰ ਜਦੋਂ ਕੁਝ ਸਾਲ ਬੀਤ ਜਾਂਦੇ ਹਨ ਤਾਂ ਇੱਕ ਵੱਖਰੀ ਖਿੱਚ ਪੈਦਾ ਹੁੰਦੀ ਹੈ। ਇਵੇਂ ਦੀ ਹੀ ਗੱਲ ਜਾਂ ਮਿਲਣੀ ਮੈਂ ਤੁਹਾਡੇ ਨਾਲ ਸਾਂਝੀ ਕਰਨ ਲੱਗੀ ਹਾਂ।

ਕੁਝ ਮਹੀਨੇ ਪਹਿਲਾਂ ਮੈਨੂੰ ਫੇਸਬੁਕ ’ਤੇ ਮੇਰੀ ਜਮਾਤਣ ਮਿਲ ਗਈ। ਅਸੀਂ ਇੱਕ ਜਮਾਤ ਵਿੱਚ ਤਾਂ ਪੜ੍ਹਦੀਆਂ ਹੀ ਸੀ, ਹੋਸਟਲ ਵਿੱਚ ਸਾਡਾ ਕਮਰਾ ਵੀ ਸਾਂਝਾ ਸੀ। ਇਹ ਗੱਲ ਸੰਨ 1977-78 ਦੀ ਹੈ। ਉਸ ਸਮੇਂ ਵਧੇਰੇ ਕਰ ਕੇ ਹੋਸਟਲ ਵਿੱਚ ਲੜਕੀਆਂ ਨੂੰ ਛੱਡਿਆ ਜਾਂਦਾ ਸੀ। ਖੈਰ ਗੱਲ ਕਰਦੀ ਹਾਂ ਉਸ ਸਹੇਲੀ ਦੀ ਜੋ ਫੇਸਬੁਕ ਉੱਤੇ ਕੋਈ ਚਾਰ ਦਹਾਕਿਆਂ ਬਾਅਦ ਮਿਲੀ। ਇਥੇ ਫੇਸਬੁਕ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਮੇਰੀ ਸਹੇਲੀ ਦਾ ਬੀ ਏ ਕਰਨ ਤੋਂ ਬਾਅਦ ਵਿਆਹ ਹੋ ਗਿਆ ਤੇ ਉਹ ਅਮਰੀਕਾ ਚਲੀ ਗਈ। ਮੈਂ ਐੱਮ ਏ ਕੀਤੀ ਅਤੇ ਆਪਣੇ ਪਤੀ ਨਾਲ ਫੌਜ ਦੀ ਜ਼ਿੰਦਗੀ ਵਿੱਚ ਰੁੱਝ ਗਈ। ਮਹਿਲਾ ਦਿਵਸ ’ਤੇ ਮੇਰੀ ਸਹੇਲੀ ਪ੍ਰਵੇਜ਼ ਸੰਧੂ ਦਾ ਫੋਨ ਆਇਆ ਕਿ ਮੈਂ ਖਰੜ ਆਈ ਹੋਈ ਹਾਂ। ਉਸ ਨੂੰ ਵੀ ਤਾਂਘ ਸੀ ਮਿਲਣ ਦੀ ਤੇ ਮੈਨੂੰ ਵੀ। ਅਸੀਂ ਪ੍ਰੋਗਰਾਮ ਬਣਾਇਆ ਅਤੇ ਮੈਂ ਉਸ ਨੂੰ ਮਿਲਣ ਵਾਸਤੇ ਉਸ ਦੀ ਭੈਣ ਦੇ ਘਰ ਮੋਹਾਲੀ ਤੇ ਖਰੜ ਗਈ। ਮੈਂ ਆਪਣੇ ਪਤੀ ਨਾਲ ਹਿਸਾਬ ਲਾਇਆ ਤਾਂ ਅਸੀਂ 42 ਸਾਲ ਬਾਅਦ ਮਿਲ ਰਹੀਆਂ ਸੀ, ਪਰ ਸਾਰਾ ਕੁਝ ਇਉਂ ਯਾਦ ਸੀ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਸਾਨੂੰ ਕਾਲਜ ਅਤੇ ਹੋਸਟਲ ਦੀਆਂ ਗੱਲਾਂ ਸਭ ਇਵੇਂ ਲੱਗ ਰਹੀਆਂ ਸਨ ਜਿਵੇਂ ਇਹ ਕੋਈ ਬਹੁਤ ਪੁਰਾਣੀ ਗੱਲ ਨਹੀਂ। ਮੈਨੂੰ ਯਾਦ ਹੈ ਅਸੀਂ ਸਵੇਰੇ ਜਲਦੀ ਭੱਜਣਾ ਤਾਂ ਕਿ ਨਹਾਉਣ ਵਾਸਤੇ ਬਾਥਰੂਮ ਮਿਲ ਜਾਵੇ। ਬਾਲਟੀ ਅਤੇ ਮੱਗ ਦਾ ਰੌਲਾ ਹਮੇਸ਼ਾ ਪੈਣਾ। ਇੱਕ ਰੌਲਾ ਖਤਮ ਹੋਣਾ ਤਾਂ ਨਾਸ਼ਤੇ ਦਾ ਰੌਲਾ ਪੈ ਜਾਣਾ। ਸਾਡੀਆਂ ਪਲੇਟਾਂ ਆਮ ਕਰ ਕੇ ਗੁਆਚੀਆਂ ਹੀ ਹੁੰਦੀਆਂ ਸੀ। ਇੱਕ ਪਲੇਟ ਵਿੱਚ ਬਰੈਡ ਦੇ ਮਿਲਣ ਵਾਲੇ ਚਾਰ-ਚਾਰ ਪੀਸ ਰੱਖ ਲੈਣੇ, ਪਰੌਂਠੇ ਹੋਣੇ ਤਾਂ ਇੱਕ ਪਲੇਟ ਦੇ ਇੱਕ ਪਾਸੇ ਆਚਾਰ ਰੱਖ ਲੈਣਾ ਅਤੇ ਇਵੇਂ ਹੀ ਖਾ ਲੈਣੇ। ਚਾਹ ਜਾਂ ਦੁੱਧ ਲਈ ਗਲਾਸ ਦਾ ਪ੍ਰਬੰਧ ਆਪੋ ਆਪਣਾ ਕਰ ਲੈਂਦੇ। ਉਦੋਂ ਨਾ ਸ਼ਰਮ ਆਉਂਦੀ ਸੀ ਤੇ ਨਾ ਬੇਇੱਜ਼ਤੀ ਮਹਿਸੂਸ ਹੁੰਦੀ ਸੀ। ਹੋਸਟਲ ਦਾ ਇਵੇਂ ਦਾ ਹੀ ਮਾਹੌਲ ਹੁੰਦਾ ਹੈ। ਜਿਸ ਨੇ ਖਾਣਾ ਖਾ ਲੈਣਾ, ਉਸ ਦੇ ਬਰਤਨ ਕਿਸੇ ਨਾ ਕਿਸੇ ਨੇ ਮੰਗ ਲੈਣੇ। ਅਸੀਂ ਇੱਕ ਕਮਰੇ ਵਿੱਚ ਚਾਰ ਲੜਕੀਆਂ ਸੀ, ਹੋਸਟਲ ਵਾਰਡਨ ਦਾ ਕਮਰਾ ਸਾਡੇ ਤੋਂ ਦੋ ਕਮਰੇ ਛੱਡ ਕੇ ਸੀ, ਇਸ ਕਰ ਕੇ ਸਾਡੇ ’ਤੇ ਅੱਖ ਤਾਂ ਰਹਿੰਦੀ ਸੀ। ਉਸ ਦਿਨ ਅਸੀਂ ਬੈਠ ਕੇ ਉਹ ਦਿਨ ਯਾਦ ਕੀਤੇ।

ਪ੍ਰਵੇਜ਼ ਬਹੁਤ ਮਸਤ ਰਹਿੰਦੀ ਸੀ, ਚੁੱਪ ਪਰ ਸ਼ਰਾਰਤੀ। ਹੋਸਟਚਲ ਵਾਰਡਨ ਧਿਆਨ ਰੱਖਦੀ ਕਿ ਹੋਸਟਲ ਦੀਆਂ ਲੜਕੀਆਂ ਕਾਲਜ ਵਿੱਚ ਕਲਾਸਾਂ ਪੂਰੀਆਂ ਲਾਉਣ, ਪਰ ਉਸ ਦੇ ਬਾਵਜੂਦ ਵੀ ਕਲਾਸਾਂ ਨਾ ਲਾਉਣ ਦਾ ਸਿਲਸਿਲਾ ਰੁਕਿਆ ਨਹੀਂ। ਕਦੇ ਉਸ ਨੇ ਸਾਨੂੰ ਕਾਲਜ ਦੀ ਕੰਟੀਨ ਵਿੱਚ ਬੈਠਿਆਂ ਫੜਨਾ ਤੇ ਕਦੇ ਕਾਲਜ ਦੀ ਗਰਾਊਂਡ ਵਿੱਚ। ਫਿਰ ਆਪਣੇ ਕਮਰੇ ਵਿੱਚ ਬੁਲਾ ਕੇ ਸਾਡੀ ਚੰਗੀ ਸੇਵਾ ਹੋਣੀ। ਉਥੇ ਹਰ ਰੋਜ਼ ਕਿਸੇ ਨਾ ਕਿਸੇ ਦਾ ਨੰਬਰ ਲੱਗਿਆ ਹੁੰਦਾ ਸੀ। ਵਾਰਡਨ ਦੇ ਕਮਰੇ ਵਿੱਚ ਸੁਸਰੀ ਵਾਂਗ ਹੁੰਦੇ ਤੇ ਬਾਹਰ ਨਿਕਲਦੇ ਹੀ ਫਿਰ ਉਵੇਂ ਦੇ। ਹੋਸਟਲ ਵਿੱਚ ਸਭ ਦਾ ਹਾਲ ਇਹੀ ਸੀ, ‘‘ਦੋ ਪਈਆਂ ਵਿਸਰ ਗਈਆਂ।’’ ਪ੍ਰਵੇਜ਼ ਨੇ ਕਮਰੇ ਦੇ ਨਾਲ ਬਣੇ ਬਰਾਂਡੇ ਵਿੱਚ ਖੜ੍ਹੇ ਹੋ ਕੇ ਪੁਰਾਣੇ ਹਿੰਦੀ ਗੀਤ ਪੂਰੀ ਆਵਾਜ਼ ਵਿੱਚ ਗਾਉਣੇ। ਉਹ ਸ਼ਿਵ ਕੁਮਾਰ ਬਟਾਲਵੀ ਦੇ ਗਾਣੇ ਵੀ ਗਾਉਂਦੀ ਸੀ। ਉਸ ਸਮੇਂ ਸਾਨੂੰ ਬੜਾ ਮਜ਼ਾ ਆਉਂਦਾ ਸੀ। ਉਸ ਨੇ ਸ਼ੁਰੂ ਕਰਨਾ ਤੇ ਅਸੀਂ ਵੀ ਉਥੇ ਆ ਖੜ੍ਹੇ ਹੋਣਾ ਤੇ ਕੁਝ ਸਾਡੇ ਵਰਗੀਆਂ ਹੋਰ ਸੀ, ਉਨ੍ਹਾਂ ਨੇ ਆਪਣੇ ਆਪਣੇ ਕਮਰਿਆਂ ਵਿੱਚੋਂ ਆਵਾਜ਼ ਮਿਲਾ ਲੈਣੀ। ਅਸੀਂ ਬੀ ਏ ਫਾਈਨਲ ਵਿੱਚ ਸੀ, ਇਸ ਕਰ ਕੇ ਹੋਸਟਲ ਵਿੱਚ ਸੀਨੀਅਰ ਸੀ। ਵਾਰਡਨ ਨੇ ਹਮੇਸ਼ਾ ਸੀਨੀਅਰ ਹੋਣ ਦੀ ਗੱਲ ਕਰਨੀ। ਸ਼ਾਇਦ ਉਦੋਂ ਅਸੀਂ ਮਜ਼ੇ ਵੀ ਬਹੁਤ ਕੀਤੇ, ਪੜ੍ਹਨਾ ਔਖਾ ਵੀ ਲੱਗਦਾ ਸੀ, ਪਰ ਮਿਲ ਕੇ ਗੱਲਾਂ ਕਰ ਕੇ ਇਵੇਂ ਲੱਗਿਆ ਜਿਵੇਂ ਉਹ ਬਹੁਤ ਵਧੀਆ ਸਨ। ਹਾਂ, ਸਾਨੂੰ ਉਦੋਂ ਇਹ ਨਹੀਂ ਸੀ ਪਤਾ ਕਿ ਅਸੀਂ ਕਦੇ ਲਿਖਾਂਗੇ, ਕਦੇ ਸਾਡੀਆਂ ਕਿਤਾਬਾਂ ਛਪਣਗੀਆਂ। ਅਸੀਂ ਇੱਕ ਦੂਜੇ ਨੂੰ ਆਪਣੀਆਂ ਕਿਤਾਬਾਂ ਵੀ ਤੋਹਫੇ ਵਜੋਂ ਦੇਵਾਂਗੇ। ਇਹ ਕਦੇ ਸੋਚਿਆ ਨਹੀਂ ਸੀ ਕਿ ਅਸੀਂ ਪੰਜਾਬੀ ਸਾਹਿਤ ਦੀਆਂ ਗੱਲਾਂ ਵੀ ਕਰਾਂਗੇ। ਸਾਡੀ ਮਿਲਣੀ ਵਿੱਚ ਦੀਪਤੀ ਬਬੂਟਾ ਵਰਗੀ ਕਹਾਣੀਕਾਰ ਵੀ ਹੋਏਗੀ। ਪ੍ਰਵੇਜ਼ ਸੰਧੂ ਅਮਰੀਕਾ ਵਿੱਚ ਰਹਿ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਲਿਖ ਰਹੀ ਹੈ ਤੇ ਸਥਾਪਤ ਲੇਖਿਕਾ ਹੈ। ਉਸ ਦੀਆਂ ਕਿਤਾਬਾਂ ਵੀ ਛਪ ਚੁੱਕੀਆਂ ਹਨ। ਉਸ ਨੇ ਦੱਸਿਆ ਕਿ ਉਹ ਪਬਲੀਕੇਸ਼ਨ ਦਾ ਵੀ ਕੰਮ ਕਰਦੀ ਹੈ ਤੇ ਜੋ ਲੇਖਕ ਕਿਤਾਬ ਛਪਵਾਉਣ ਦੀ ਸਮਰੱਥਾ ਨਹੀਂ ਰੱਖਦੇ, ਉਨ੍ਹਾਂ ਦੀਆਂ ਕਿਤਾਬਾਂ ਮੁਫਤ ਛਾਪਦੀ ਹੈ।

ਅਸਲ ਵਿੱਚ ਸਾਨੂੰ ਹੈਰਾਨੀ ਵੀ ਸੀ ਤੇ ਖੁਸ਼ੀ ਵੀ ਕਿ ਅਸੀਂ ਇਹ ਕਰ ਸਕਦੇ ਸੀ। ਅਸੀਂ ਇੱਕ ਦੂਜੇ ਨੂੰ ਉਵੇਂ ਹੀ ਜਾਣਦੇ ਹਾਂ ਜਿਵੇਂ ਦੀ ਅਸੀਂ ਹੋਸਟਲ ਵਿੱਚ। ਵਾਰਡਨ ਦੇ ਸ਼ਬਦ ਅੱਜ ਫਿਰ ਯਾਦ ਆਏ ਕਿ ‘ਪੜ੍ਹ ਲਓ, ਸਟੱਡੀ ਪੀਰੀਅਡ ਵਿੱਚ ਵੀ ਤੁਹਾਨੂੰ ਟਿਕਾਅ ਨਹੀਂ’। ਸੱਚੀਂ ਉਦੋਂ ਅਸੀਂ ਜੋ ਕਰਦੇ ਸੀ, ਗਲਤ ਨਹੀਂ ਲੱਗਦਾ ਸੀ। ਵਾਰਡਨ ਨੂੰ ਤੰਗ ਕਰਨ ਵਿੱਚ ਸਾਨੂੰ ਕੀ ਚੰਗਾ ਲੱਗਦਾ ਹੋਵੇਗਾ? ਸਮਝ ਤੋਂ ਅੱਜ ਵੀ ਬਾਹਰ ਹੈ। ਉਹ ਦੋ ਲੜਕੀਆਂ, ਜਿਹੜੀਆਂ ਆਪਣੀ ਜਮਾਤ ਵਿੱਚ ਦਿੱਤੇ ਸਵਾਲਾਂ ਦੇ ਜਵਾਬ ਲਿਖਣ ਤੋਂ ਭੱਜਦੀਆਂ ਸਨ, ਅੱਜ ਪੜ੍ਹਦੀਆਂ ਵੀ ਨੇ ਤੇ ਲਿਖਦੀਆਂ ਵੀ ਨੇ। ਹਕੀਕਤ ਇਹ ਹੈ ਕਿ ਮਹਿਲਾ ਦਿਵਸ ’ਤੇ ਸੱਚੀਂ ਸਾਡਾ ਮਿਲਣਾ ਇੱਕ ਦੂਜੇ ਨੂੰ ਤੋਹਫਾ ਹੀ ਸੀ। ਮਿਲ ਕੇ ਇਵੇਂ ਲੱਗਾ ਹੀ ਨਹੀਂ ਕਿ ਅਸੀਂ ਚਾਰ ਦਹਾਕਿਆਂ ਤੋਂ ਬਾਅਦ ਮਿਲ ਰਹੇ ਹਾਂ। ਦੋਸਤਾਂ-ਮਿੱਤਰਾਂ ਅਤੇ ਸਹੇਲੀਆਂ ਦਾ ਮਿਲਣਾ ਸੱਚੀਂ ਉਹ ਖੁਸ਼ੀ ਹੈ, ਜੋ ਪੈਸੇ ਨਾਲ ਨਾ ਖਰੀਦੀ ਜਾ ਸਕਦੀ ਹੈ ਤੇ ਨਾ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਦਿਨ ਯਾਦਗਾਰੀ ਬਣ ਗਿਆ।

## ਹਲਕਾ ਫੁਲਕਾ

ਟੀਚਰ, ‘‘ਮੈਂ ਤੈਨੂੰ ਥੱਪੜ ਮਾਰਿਆ, ਇਸ ਦਾ ਭਵਿੱਖ ਕਾਲ ਦੱਸ।’’
ਕਮਲ, ‘‘ਮੈਡਮ, ਛੁੱਟੀ ਤੋਂ ਬਾਅਦ ਤੁਹਾਡੀ ਐਕਟਿਵਾ ਪੰਕਚਰ ਮਿਲੇਗੀ।’’

*********

ਪਤਨੀ, ‘‘ਮੱਝ ਅੱਗੇ ਬੀਨ ਵਜਾਉਣੀ, ਇਸ ਮੁਹਾਵਰੇ ਦਾ ਮਤਲਬ ਕੀ ਹੈ?’’
ਪਤੀ, ‘‘ਮੇਰੇ ਇੰਨਾ ਚੀਕਣ 'ਤੇ ਵੀ ਤੂੰ ਜੋ ਦੋ ਮਿੰਟ ਕਹਿੰਦੀ ਤੇ ਦੋ ਘੰਟੇ ਵਿੱਚ ਤਿਆਰ ਹੁੰਦੀ ਏਂ ਨਾ, ਬੱਸ ਇਸ ਮੁਹਾਵਰੇ ਦਾ ਮਤਲਬ ਇਹੋ ਹੁੰਦਾ ਹੈ।’’

*********

ਮੁੰਡਾ, ‘‘ਸਾਡਾ ਪ੍ਰਿੰਸੀਪਲ ਬੜਾ ਗੁੱਸੇਖੋਰ ਤੇ ਕਮੀਨਾ ਹੈ।’’
ਕੁੜੀ, ‘‘ਤੈਨੂੰ ਪਤਾ ਹੈ ਮੈਂ ਕੌਣ ਹਾਂ?’’
ਮੁੰਡਾ, ‘‘ਨਹੀਂ।’’
ਕੁੜੀ, ‘‘ਮੈਂ ਪ੍ਰਿੰਸੀਪਲ ਦੀ ਬੇਟੀ ਹਾਂ।’’
ਮੁੰਡਾ, ‘‘ਤੈਨੂੰ ਪਤਾ ਹੈ ਮੈਂ ਕੌਣ ਹਾਂ?’’
ਕੁੜੀ, ‘‘ਨਹੀਂ।’’
ਮੁੰਡਾ, ‘‘ਰੱਬ ਦਾ ਸ਼ੁਕਰ ਹੈ।’’
ਮੁੰਡਾ ਗਾਇਬ।

# ਕਰੋਨਾ ਦਾ ਇਕ ਪਹਿਲੂ ਇਹ ਵੀ

-ਡਾ. ਗੁਰਬਖ਼ਸ਼ ਸਿੰਘ ਭੰਡਾਲ

ਕਰੋਨਾਵਾਇਰਸ ਦੇ ਕਹਿਰ ਨੇ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹਰ ਦੇਸ਼ ਆਪਣੇ ਸਾਧਨਾਂ ਅਤੇ ਸਮਰੱਥਾ ਅਨੁਸਾਰ ਇਸਦਾ ਸਾਹਮਣਾ ਕਰ ਰਿਹਾ ਹੈ ਤਾਂ ਕਿ ਆਪਣੇ ਨਾਗਰਕਿਾਂ ਨੂੰ ਸਿਹਤਮੰਦ ਰੱਖਿਆ ਜਾ ਸਕੇ। ਇਤਿ-ਹਆਤ ਵਰਤਣ ਦੀਆਂ ਨਸੀਹਤਾਂ ਦਿਤੀਆਂ ਜਾ ਰਹੀਆਂ ਨੇ। ਸੰਸਾਰ ਦੀ ਅਰਥ-ਵਿਵਸਥਾ ਡਾਵਾਂ ਡੋਲ ਹੋ ਗਈ ਹੈ। ਇਕ ਪਿੰਡ ਬਣੀ ਦੁਨੀਆਂ ਫਿਰ ਆਪੋ-ਆਪਣਿਆਂ ਦਾਇਰਿਆਂ ਵਿਚ ਸੀਮਤ ਹੋ ਗਈ ਹੈ। ਅੰਤਰ-ਰਾਸ਼ਟਰੀ ਸਰਹੱਦਾਂ ਬੰਦ ਨੇ। ਹਵਾਈ ਉਡਾਣਾਂ ਬੰਦ। ਸਮੁੱਚੀ ਆਵਾਜਾਈ ਬੰਦ ਹੋਣ ਨਾਲ ਲੋਕ ਆਪੋ-ਆਪਣੇ ਘਰਾਂ ਵਿਚ ਰਹਿਣ ਲਈ ਮਜ਼ਬੂਰ। ਵਿਦਿਅਕ ਅਦਾਰੇ, ਖੇਡ ਮੈਦਾਨ, ਮਨੋਰੰਜਨ ਦੇ ਕੇਂਦਰ, ਵਪਾਰਕ ਅਦਾਰੇ ਜਾਂ ਹੋਟਲ/ਰੈਸਟੋਰੈਂਟ ਬੰਦ ਹੋ ਗਏ ਨੇ ਅਤੇ ਸਿਮਟ ਗਈ ਏ ਮਨੁੱਖੀ ਭਟਕਣਾ।

ਕਰੋਨਾ ਵਾਇਰਸ ਦੇ ਹੋਣ ਵਾਲੇ ਪ੍ਰਭਾਵਾਂ ਬਾਰੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਸਮੁੱਚੀ ਦੁਨੀਆਂ ਹੀ ਰੁੱਕ ਜਾਵੇਗੀ। ਸਿਸਟਮ ਸ਼ਥਿਲ ਹੋ ਜਾਵੇਗਾ। ਸਮੁੱਚੀ ਦੁਨੀਆਂ ਘਰਾਂ ਵਿਚ ਬੰਦ। ਲੋਕ ਬਿਮਾਰ ਹੋ ਰਹੇ ਨੇ। ਕੁਝ ਇਕਾਂਤਵਾਸ ਵਿਚ ਰਹਿਣ ਲਈ ਮਜ਼ਬੂਰ। ਜ਼ਿਆਦਾ ਗੰਭੀਰ ਮਰੀਜ ਹਸਪਤਾਲਾਂ ਵਿਚ ਵੱਖਰੇ ਰੱਖੇ ਜਾ ਰਹੇ ਨੇ। ਪਰਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਵੀ ਸਮਝਾ ਦਿਤਾ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਤਾ ਸਾਹਵੇਂ ਬਹੁਤ ਹੀ ਨਿਗੂਣਾ ਏ। ਇਸ ਕੁਦਰਤੀ ਮਹਾਂਮਾਰੀ ਨੇ ਐਟਮੀ ਤੇ ਬਾਇਓਲੋਜੀਕਲ ਯੁੱਧ ਦੀ ਤਿਆਰੀ ਵਿਚ ਰੁੱਝਿਆਂ ਦੇਸ਼ਾਂ ਨੂੰ ਵੀ ਇਹ ਦਰਸਾ ਦਿਤਾ ਕਿ ਅਜੇਹੇ ਹਥਿਆਰਾਂ ਨਾਲ ਲੜੀ ਜਾਣ ਵਾਲੀ ਭਵਿੱਖੀ ਜੰਗ ਦੌਰਾਨ ਮਨੁੱਖਤਾ ਦਾ ਕੀ ਹਾਸ਼ਰ ਹੋਵੇਗਾ?

ਕਰੋਨਾ ਦੇ ਕਹਿਰ ਕਾਰਨ ਸੜਕਾਂ ਸੁੰਨਸਾਨ ਹਨ। ਸੜਕਾਂ ਨੂੰ ਮਿਲੇਗਾ ਅਰਾਮ। ਕੁਝ ਰਾਹਤ ਜਰੂਰ ਮਹਿਸੂਸ ਕਰਨਗੀਆਂ। ਹਵਾ ਦੇ ਪ੍ਰਦੂਸ਼ਣ ਕਾਰਨ ਅਸਮਾਨ ਕਦੇ ਵੀ ਨੀਲਾ ਦਿਖਾਈ ਨਹੀਂ ਸੀ ਦੇਂਦਾ। ਹੁਣ ਪਲੀਤਪੁਣੇ ਦੇ ਘਟਣ ਨਾਲ ਅੰਬਰ ਅਤੇ ਇਸਦੇ ਵਿਹੜੇ ਵਿਚ ਜਗਦੇ ਤਾਰਿਆਂ ਨੂੰ ਮਿਲਣ ਅਤੇ ਇਹਨਾਂ ਨਾਲ ਸੰਵਾਦ ਰਚਾਉਣ ਦੀ ਤਮੰਨਾ, ਮਨੁੱਖੀ ਮਨ ਵਿਚ ਜਰੂਰ ਪੈਦਾ ਹੋਵੇਗੀ। ਮਨੁੱਖ ਨੂੰ ਸ਼ਾਇਦ ਪਤਾ ਲੱਗੇ ਕਿ ਅੰਬਰ ਦੀ ਸੁੰਦਰਤਾ ਨੂੰ ਨਿਹਾਰਨ ਅਤੇ ਇਸਨੂੰ ਅੰਤਰੀਵ ਵਿਚ ਵਸਾਉਣ ਤੋਂ ਕਿੰਨੇ ਦੂਰ ਚਲੇ ਗਏ ਸਾਂ?

ਦੁਨੀਆਂ ਦੇ ਭੀੜ-ਭੜੱਕੇ ਤੇ ਸ਼ੋਰਓਗੁੱਲ ਵਿਚ ਗਵਾਚ ਗਿਆ ਚਿੜੀਆਂ ਦਾ ਚਹਿਕਣਾ, ਪਰਿੰਦਿਆਂ ਦੇ ਬੋਲ, ਪੱਤਿਆਂ ਦੀ ਸੰਗੀਤਕਤਾ ਅਤੇ ਹਵਾ ਦੀ ਰੁੱਮਕਣੀ ਨੂੰ ਮਨੁੱਖ ਹੁਣ ਜਰੂਰ ਸੁਣਦਾ ਹੋਵੇਗਾ ਜਿਹਨਾਂ ਦੀ ਮਧੁਰਤਾ ਤੋਂ ਮਹਿਰੂਮ ਹੋਇਆ ਬੰਦਾ, ਖੁਦ ਤੋਂ ਹੀ ਬੇਮੁੱਖੀ ਦੀ ਜੂਨ ਹੰਢਾ ਰਿਹਾ ਸੀ। ਆਦਮੀ ਨੂੰ ਜਰੂਰ ਸੁਣਦਾ ਹੋਵੇਗਾ ਮਨ ਵਿਚੋਂ ਉਠੀਆਂ ਭਾਵ-ਤਰੰਗਾਂ ਦਾ ਗੁਣਗਾਣ ਅਤੇ ਸਕੂਨਤਾ ਦਾ ਅਭਾਵ।

ਘਰ ਨੂੰ ਸਿਰਫ਼ ਰੈਣ-ਬਸੇਰਾ ਸਮਝਣ ਵਾਲੇ ਮਨੁੱਖ ਨੂੰ ਘਰ ਵਿਚ ਰਹਿੰਦਿਆਂ, ਘਰ ਦੀਆਂ ਕੰਧਾਂ ’ਚ ਸਿਮਟੀ ਖਾਮੋਸ਼ੀ ਦੇ ਮੁਖਾਤਬ ਹੋਣਾ ਪੈਂਦਾ ਹੋਵੇਗਾ। ਉਹ ਮਕਾਨ ਨੂੰ ਘਰ ਸਮਝ, ਇਸਦੇ ਨਿੱਘੜੇ ਅਹਿਸਾਸਾਂ ਨਾਲ ਲਬਰੇਜ਼ ਹੋਇਆ, ਸੁੱਖਨਤਾ ਨੂੰ ਮਾਣ ਕੇ ਸ਼ਰਸ਼ਾਰਹੁੰਦਾ ਹੋਵ-ੇਗਾ। ਉਹ ਬੀਤੇ ਵਕਤ ਨੂੰ ਜਰੂਰ ਕੋਸਦਾ ਹੋਵੇਗਾ ਜਦ ਉਹ ਖੁਦ ਤੋਂ ਹੀ ਬਹੁਤ ਦੂਰ ਜਾ ਚੁੱਕਿਆ ਸੀ। ਸ਼ਾਇਦ ਉਸਨੂੰ ਪਤਾ ਲੱਗ ਜਾਵੇ ਕਿ ਉਸਦੇ ਬੱਚੇ ਕਿਹੜੇ ਸਕੂਲ ਅਤੇ ਕਿਸ ਕਲਾਸ ਵਿਚ ਪੜਦੇ ਨੇ? ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਮਿਲਣ ਅਤੇ ਉਹਨਾਂ ਨਾਲ ਪਿਆਰ ਕਰਨ ਤੇ ਅਪਣੱਤ ਭਰੇ ਪਲਾਂ ਨੂੰ ਜਿਊਣ ਦਾ ਮੌਕਾ ਜਰੂਰ ਮਿਲੇਗਾ। ਦੁਨੀਆਂ ਦੀ ਭੱਜਦੌੜ ਵਿਚ ਗਵਾਚ ਗਿਆ ਮਨੁੱਖ ਅਜੇਹੀ ਮਹਾਂਮਾਰੀ ਦੇ ਸਮੇਂ ਹੀ ਆਪਣੇ ਆਪ ਦੇ ਸਭ ਤੋਂ ਕਰੀਬ ਹੁੰਦਾ ਕਿਉਂਕਿ ਉਸਨੂੰ ਆਪਣੇ ਬਾਰੇ ਸੋਚਣ ਅਤੇ ਖੁਦ ਦਾ ਮੁਲਾਂਕਣ ਕਰਨ ਦਾ ਮੌਕਾ ਜੁ ਮਿਲਦਾ।

ਕਰੋਨਾ ਕਾਰਨ ਆਲੇ-ਦੁਆਲੇ ਸੁੰਨ ਹੈ। ਮਨੁੱਖ ਇਕਾਂਤਵਾਸ ਵਿਚ ਹੈ। ਪਰ ਇਹ ਇਕੱਲਤਾ ਨਹੀਂ ਕਿਉਂਕਿ ਇਕੱਲਤਾ ਹੰਢਾਉਣਾ ਮਜ਼ਬੂਰੀ ਹੁੰਦੀ ਹੈ। ਇਹ ਇਕਾਂਤਵਾਸ ਹਾਲਾਤ ਦੀ ਮਜ਼ਬੂਰੀ ਕਾਰਨ ਹੈ, ਬੰਦੇ ਦੀ ਮਜ਼ਬੂਰੀ ਨਹੀਂ। ਇਕਾਂਤਵਾਸ ਨੂੰ ਇਕਾਗਰਤਾ ਅਤੇ ਆਤਮਿਕ ਵਿਕਾਸ ਲਈ ਵਰਤ ਕੇ ਮਨੁੱਖ ਇਸ ਮੌਕੇ ਦੀ ਨਜ਼ਾਕਤ ਨੂੰ ਆਪਣਾ ਹਾਸਲ ਬਣਾ ਸਕਦਾ ਹੈ। ਇਸ ਇਕਾਂਤਵਾਸ ਦੌਰਾਨ ਕਿਤਾਬਾਂ ਨਾਲ ਦੋਸਤੀ ਪਾਓ। ਸੋਹਣੀ ਜ਼ਿੰਦਗੀ ਦੀਆਂ ਤਰਕੀਬਾਂ ਨੂੰ ਜੀਵਨ-ਜਾਚ ਬਣਾਓ। ਮਨ ਵਿਚ ਦੱਬੀਆਂ ਕਲਾਵਾਂ ਨੂੰ ਮੁੜ ਤੋਂ ਜਗਾਉਣ ਦਾ ਇਹ ਹੈ ਸੁੰਦਰ ਮੌਕਾ ਹੈ ਜਦ ਮਨੁੱਖ ਕੋਲ ਸਮਾਂ ਹੀ ਸਮਾਂ ਹੈ। ਖ਼ੈਰ-ਸੁੱਖ ਪੁੱਛਣ ਦੇ ਬਹਾਨੇ, ਰੁੱਸ ਗਏ ਮਿੱਤਰਾਂ ਨੂੰ ਫ਼ੋਨ ਕਰੋ। ਪੁਰਾਣੀਆਂ ਸਾਝਾਂ ਨੂੰ ਪੁਨਰ-ਸੰਜੀਵ ਕਰੋ।

ਕਰੋਨਾ ਨਾਲ ਲੋਕ ਤਾਂ ਮਰ ਰਹੇ ਨੇ ਪਰ ਪੁਨਰ-ਸੰਜੀਵ ਹੋ ਰਿਹਾ ਹੈ ਭਰਾਤਰੀ ਭਾਵ, ਆਪਸੀ ਮਿਲਵਰਤਣ, ਪੀੜਤ ਦੀ ਸਾਰ ਲੈਣ ਦੀ ਕਾਹਲ, ਲੋੜਵੰਦਾਂ ਦੀ ਮਦਦ ਕਰਨ ਦੀ ਤਮੰਨਾ, ਸਰਬੱਤ ਦੇ ਭਲੇ ਦੀ ਲੋਚਾ, ਵੰਡ ਕੇ ਛੱਕਣ ਵਾਲਾ ਵਰਤਾਰਾ ਅਤੇ ਆਪਣੀ ਸਿਹਤਯਾਬੀ ਵਿਚੋਂ ਕਿਸੇ ਰੋਗੀ ਦੀ ਤੰਦਰੁੱਸਤੀ ਨੂੰ ਕਿਆਸਣ ਦਾ ਹੁੰਨਰ। ਦੁੱਖ ਤਾਂ ਵੱਧ ਰਹੇ ਨੇ ਪਰ ਸੁੱਖਾਂ ਦੀ ਮੰਨਤਾਂ ਮੰਗਣ ਵਾਲਿਆਂ ਦੀ ਗਿਣਤੀ ਜ਼ਿਆਦਾ ਵੱਧ ਰਹੀ ਹੈ। ਖਾਣ ਪੀਣ ਦੀਆਂ ਵਸਤਾਂ ਖਰੀਦੋ ਪਰ ਖਰੀਦ ਵਿਚ ਲਾਲਚ ਨਾ ਹੋਵੇ।

ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿਤਾ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫ਼ੇ ਤੀਕ ਹੀ ਸੀਮਤ ਹੁੰਦੇ। ਉਹਨਾਂ ਦਾ ਲੋਭ ਇਸ ਹੱਦ ਤੀਕ ਗਰਕ ਜਾਂਦਾ ਕਿ ਉਹ ਸੰਕਟ ਦੇ ਸਮੇਂ ਵਿਚ ਲੋੜ ਦੀਆਂ ਵਸਤਾਂ ਦੀ ਮਨਸੂਈ ਘਾਟ ਪੈਦਾ ਕਰਕੇ, ਦੁੱਗਣੇ/ਤਿੱਗਣੇ ਭਾਅ ’ਤੇ ਵਸਤਾਂ ਵੇਚਦੇ। ਸ਼ਾਇਦ ਉਹ ਭੁੱਲ ਜਾਂਦੇ ਨੇ ਕਿ ਜਦ ਅਜੇਹੀ ਮਹਾਂਮਾਰੀ ਸਾਹਵੇਂ ਵਿਸ਼ਵ ਹੀ ਨਿਤਾਣਾ ਅਤੇ ਨਿਰਬਲ ਮਹਿਸੂਸ ਕਰੇ ਤਾਂ ਇਹਨਾਂ ਦੇ ਦੌਲਤ-ਅੰਬਾਰ, ਉਹਨਾਂ ਨੂੰ ਸੰਕਟ-ਕਾਲੀਨ ਵਖ਼ਤ ਤੋਂ ਕਿਵੇਂ ਬਚਾਉਣਗੇ? ਹਰ ਵਿਅਕਤੀ ਦਾ ਮਰਨਾ ਨਿਸਚਿੱਤ ਹੈ। ਮੌਤ ਤੋਂ ਬਾਅਦ ਵਿਅਕਤੀ ਨੂੰ ਜੀਵਨ ਵਿਚ ਕਮਾਈ ਹੋਈ ਭਲਿਆਈ ਅਤੇ ਚੰਗਿਆਈ ਕਾਰਨ ਯਾਦ ਕੀਤਾ ਜਾਂਦਾ ਹੈ। ਲੋਭੀ ਅਤੇ ਕਮੀਨੇ ਲੋਕ ਬਹੁਤ ਜਲਦੀ ਲੋਕ-ਚੇਤਿਆਂ ਵਿਚੋਂ ਕਿੱਰ ਜਾਂਦੇ ਨੇ।

ਇਸ ਨਾਜ਼ਕ ਮੌਕੇ ਵਿਚ ਇਹ ਵੀ ਸਪੱਸ਼ਟ ਹੋ ਗਿਆ ਕਿ ਲੱਖਾਂ-ਕਰੋੜਾਂ ਕਮਾਉਣ ਵਾਲੇ ਜ਼ਿਆਦਾਤਰ ਫ਼ਿਲਮੀ ਕਲਾਕਾਰਾਂ, ਗਾਇਕਾਂ, ਖਿਡਾਰੀਆਂ, ਰਾਜਨੇਤਾਵਾਂ, ਦੌਲਤਮੰਦਾਂ ਅਤੇ ਵਪਾਰਕ ਘਰਾਣਿਆਂ ’ਤੇ ਕਾਬਜ਼ ਲੋਕਾਂ ਵਿਚ ਮਾਨਵਤਾ ਦਾ ਦਰਦ ਬਿਲਕੁਲ ਹੀ ਨਹੀਂ। ਉਹਨਾਂ ਦੀ ਆਤਮਾ ਮਰ ਚੁੱਕੀ ਹੈ ਅਤੇ ਉਹ ਕਦੇ ਵੀ ਦੁੱਖੀ ਮਨੁੱਖਤਾ ਦਾ ਦਰਦ ਵੰਢਾਉਣ ਵਿਚ ਪਹਿਲ ਨਹੀਂ ਕਰਦੇ। ਉਹ ਸਿਰਫ਼ ਨਿੱਜ ਤੀਕ ਸੀਮਤ। ਆਪਣੀਆਂ ਸਲਤਨਤਾਂ ਨੂੰ ਉਸਾਰਨ ਤੀਕ ਹੀ ਉਹਨਾਂ ਦੀ ਸੋਚ ਦੇ ਦਿਸਹੱਦੇ। ਆਪਣੇ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਆਉਂਦਾ। ਵੱਡੇ ਡੇਰੇਦਾਰ ਅਤੇ ਧਾਰਮਿਕ ਸਥਾਨਾਂ ’ਤੇ ਕਾਬਜ਼ ਲੋਕ ਵੀ ਲੋਕ-ਚੜਾਵੇ ਦੇ ਖਜ਼ਾਨੇ ਵਿਚੋਂ ਵਖਤਾਂ ਮਾਰੇ ਸ਼ਰਧਾਲੂਆਂ ਲਈ ਕੁਝ ਵੀ ਕਰਨ ਤੋਂ ਖੱਚਰੀ ਖਾਮੋਸ਼ੀ ਧਾਰੀ ਬੈਠੇ ਨੇ। ਕੀ ਕੋਠੀਆਂ ਵਾਲਿਆਂ ਨੇ ਕਦੇ ਝੁੱਗੀਆਂ ਵਿਚ ਰਹਿੰਦੇ ਲੋਕਾਂ ਦੀ ਅਜੇਹੇ ਵਖਤਾਂ ’ਚ ਸਾਰ ਲਈ ਹੈ? ਕੀ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨੇ ਪੀੜਤ ਲੋਕਾਂ ਲਈ ਦਰ ਖੋਲੇ ਨੇ ਤਾਂ ਕਿ ਇਸ ਸਮੇਂ ਉਹਨਾਂ ਨੂੰ ਠਾਹਰ ਅਤੇ ਖਾਣ ਲਈ ਕੁਝ ਮਿਲ ਸਕੇ? ਲੋਕਾਂ ਨੂੰ ਹੁਣ ਸੋਝੀ ਆ ਜਾਵੇਗੀ ਕਿ ਇਹ ਸਟਾਰ,ਗਾਇਕ, ਰਾਜਨੇਤਾ ਜਾਂ ਬਾਬੇ ਸਿਰਫ਼ ਆਮ ਲੋਕਾਈ ਨੂੰ ਭਰਮਾ ਕੇ, ਉਹਨਾਂ ਦੀ ਕਮਾਈ ਨੂੰ ਹੜੱਪਣ ਤੀਕ ਹੀ ਸੀਮਤ ਨੇ। ਉਹ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਵਰਗਲਾ ਕੇ ਨਿੱਜੀ ਮੁਫ਼ਾਦ ਦੀ ਹੀ ਪੂਰਤੀ ਕਰਦੇ ਨੇ।

ਇਹਨਾਂ ਹਾਲਾਤਾਂ ਵਿਚ ਸਭ ਤੋਂ ਵਧੀਆ ਇਹ ਹੋਇਆ ਕਿ ਮਨੁੱਖ ਆਪਣੇ ਵੱਲ ਮੁੜਿਆ ਏ। ਅੰਦਰ ਨੂੰ ਪਰਤਣਾ ਅਤੇ ਖੁਦ ਦੀ ਜਾਮਾ-ਤਲਾਸ਼ੀ ਕਰਨੀ ਬਹੁਤ ਅਹਿਮ ਹੁੰਦੀ। ਇਸ ਵਿਚੋਂ ਹੀ ਇਕ ਨਵੇਂ ਮਨੁੱਖ ਦਾ ਜਨਮ ਹੁੰਦਾ।ਮਨੁੱਖ ਜੋ ਇਨਸਾਨੀਅਤ ਦਾ ਮੁਹਾਂਦਰਾ ਬਣਨ ਵੰਨੀ ਅਹੁਲਦਾ ਏ।

ਕਰੋਨਾ ਵਾਇਰਸ ਨੇ ਇਹ ਵੀ ਦਰਸਾ ਦਿਤਾ ਕਿ ਸ਼ੋਰਗੁੱਲ ਤੋਂ ਅੱਕਿਆਂ ਲਈ ਚੁੱਪ ਕਿੰਨੀ ਜਰੂਰੀ ਹੁੰਦੀ ਹੈ। ਸਮੁੱਚੀ ਕਾਇਨਾਤ ਨੂੰ ਨਿਹਾਰਨਾ ਅਤੇ ਇਸਦੀ ਅਸੀਮਤਾ ਵਿਚੋਂ ਆਪਣੀ ਔਕਾਤ ਨੂੰ ਪਰਿਭਾਸ਼ਤ ਕਰਨਾ ਬਹੁਤ ਅਹਿਮ ਹੁੰਦਾ। ਬੰਦੇ ਨੂੰ ਪਤਾ ਲੱਗਦਾ ਕਿ ਪਰਿਵਾਰ ਕੀ ਏ? ਆਂਢ-ਗੁਆਂਢ ਵਿਚ ਕਿਹੜੇ ਲੋਕ ਵੱਸਦੇ ਨੇ? ਸਮਾਜਿਕ ਸਬੰਧਾਂ ਦੀ ਕੀ ਮਹੱਤਤਾ ਹੈ? ਗਵਾਂਢੀਆਂ ਨਾਲ ਬੋਲ-ਸਾਂਝ ਦੇ ਕੀ ਅਰਥ ਨੇ? ਚੌਗਿਰਦੇ ਵਿਚ ਕੀ ਵਾਪਰ ਰਿਹਾ ਏ? ਕੌਣ ਨੇ ਉਹ ਲੋਕ ਜਿਹੜੇ ਮੇਰੇ ਕੋਲ ਰਹਿੰਦੇ ਹੋਵੇ ਵੀ ਮੇਰੇ ਤੋਂ ਬਹੁਤ ਦੂਰ ਸਨ? ਕੰਧ ਸਾਂਝੀ ਹੋਣ ’ਤੇ ਵੀ ਕਿਸੇ ਦੇ ਹੂੰਗਰ ਨਹੀਂ ਸੀ ਸੁਣੀਂਦੀ? ਹੁਣ ਤਾਂ ਚਾਰ-ਚੌਫੇਰੇ ਵਿਚਲੀ ਸਾਹ-ਸੁਰੰਗੀ ਦਾ ਨਾਦ ਵੀ ਸੁਣਾਈ ਦਿੰਦਾ ਏ।

ਅਜੇਹੇ ਮੌਕਿਆਂ ’ਤੇ ਸੋਚ ਵਿਚਲੀ ਨਕਾਤਮਿੱਕਤਾ ਕਾਰਨ ਹੋਣ ਵਾਲੇ ਨੁਕਸਾਨ ਵੀ ਸਾਹਮਣੇ ਆਉਣਗੇ? ਮਨੁੱਖ ਕਿੰਨਾ ਅਕ੍ਰਿਤਘਣ ਹੈ ਕਿ ਉਹ ਆਪਣੀ ਅਰਥੀ ਮੋਢੇ ’ਤੇ ਚੁੱਕੀ, ਦੁਨੀਆਂ ਨੂੰ ਜਿਊਣ ਦਾ ਗੁਰ ਸਿਖਾਉਣ ਦਾ ਢਕਵੰਗ ਕਰਦਾ ਏ। ਬਾਹਰੀ ਦੁਨੀਆਂ ਵਿਚੋਂ ਹੀ ਜੀਵਨ ਦੀ ਸਾਰਥਿਕਤਾ ਨੂੰ ਸਮਝਣ ਵਾਲਿਆਂ ਨੂੰ ਇਹ ਵੀ ਪਤਾ ਲੱਗੇਗਾ ਕਿ ਕੁਝ ਸਮੇਂ ਲਈ ਘਰ ਵਿਚ ਰਹਿਣ ਦੇ ਕੀ ਅਰਥ ਨੇ? ਜਿਹੜੇ ਘਰਾਂ ਵਿਚ ਰਹਿੰਦੇ ਨੇ ਉਹਨਾਂ ਦੀ ਮਜ਼ਬੂਰੀ ਨੂੰ ਕਦੇ ਵੀ ਆਪਣੇ ਮਕਸਦ ਲਈ ਨਾ ਵਰਤੋਂ। ਸਗੋਂ ਆਪਣੀ ਜੀਵਨ-ਸ਼ੈਲੀ ਵਿਚ ਬਦਲਾਅ ਪੈਦਾ ਕਰਕੇ, ਘਰ ਵਿਚ ਰਹਿੰਦੇ ਮਾਪਿਆਂ ਨਾਲ ਗੱਲਾਂ ਕਰੋ। ਬੱਚਿਆਂ ਨਾਲ ਖੇਡੋ। ਉਹਨਾਂ ਨੂੰ ਅਹਿਸਾਸ ਹੋਵੇਕਿਕੋਈ ਤਾਂ ਆਪਣਾ ਹੈ ਜੋ ਉਹਨਾਂ ਦੀ ਮਾਨਸਿਕਤਾ ਨੂੰ ਸਮਝਦਿਆਂ, ਉਹਨਾਂ ਦੀ ਤੰਦਰੁੱਸਤੀ ਅਤੇ ਮਾਨਸਿਕ ਨਿੰਗਰਤਾ ਦੀ ਹਾਮੀ ਭਰਦਾ ਹੈ। ਆਪਣਿਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਅਤੇ ਮਨ ਦੀਆਂ ਪਰਤਾਂ ਫਰੋਲਦਿਆਂ, ਜੀਵਨ ਨੂੰ ਸੁਚਾਰੂ ਤਰੀਕੇ ਨਾਲ ਮੁੜ ਤੋਂ ਜਿਊਣਾ ਸਿਖਿਆ ਜਾ ਸਕਦਾ ਹੈ।

ਇਸ ਵਿਚੋਂ ਇਹ ਵੀ ਸਾਹਮਣੇ ਆਇਆ ਕਿ ਆਪੋ-ਆਪਣੇ ਘੁੱਰਨਿਆਂ ਵਿਚ ਕੈਦ ਲੋਕਾਂ ਨੇ ਆਪਣੇ ਰੌਸ਼ਨਦਾਨ ਅਤੇ ਖਿੜਕੀਆਂ ਨੂੰ ਖੋਲਣਾ ਸਿੱਖ ਲਿਆ ਹੈ। ਦੁਰਗੰਧ ਬਾਹਰ ਨਿਕਲ ਕੇ ਸੁਗੰਧ ਨੂੰ ਅੰਦਰ ਆਉਣ ਲਈ ਹਾਕਾਂ ਮਾਰਦੀ ਏ। ਉਹ ਖਿੜਕੀਆਂ ਤੇ ਬਾਲਕੋਨੀਆਂ ’ਤੇ ਖੜ ਕੇ, ਗਲੀ ਦੇ ਦੂਸਰੇ ਪਾਸੇ ਦੇ ਗੁਆਂਢੀਆਂ ਨੂੰ ਹਾਕਾਂ ਮਾਰਦੇ, ਉਚੀ ਉਚੀ ਗੱਲਾਂ ਕਰਦੇ ਨੇ। ਮਨਾਂ ਦੀਆਂ ਮੂਕ ਭਾਵਨਾਵਾਂ ਨੂੰ ਗੱਲਬਾਤ ਰਾਹੀਂ ਰੁਆਂਸੀ ਹਵਾ ਦੇ ਨਾਮ ਕਰਦੇ, ਪੌਣ ਨੂੰ ਜਿਊਣ ਦੀ ਆਸ਼ਾ ਨਾਲ ਭਰ ਰਹੇ ਨੇ। ਇਸ ਨਾਲ ਘਰਾਂ ਵਿਚ ’ਕੱਲੇ ਰਹਿ ਗਏ ਬਜੁਰਗਾਂ ਨੂੰ ਵੀ ਇਹ ਅਹਿਸ-ਾਸ ਹੋਵੇਗਾ ਕਿ ਕੋਈ ਤਾਂ ਉਹਨਾਂ ਦੇ ਗੁਆਂਢ ਵਿਚ ਰਹਿੰਦਾ ਹੈ ਜਿਸਨੂੰ ਲੋੜ ਪੈਣ ’ਤੇ ਹਾਕ ਤਾਂ ਮਾਰੀ ਜਾ ਸਕਦੀ ਏ।

ਇਸ ਮਹਾਂਮਾਰੀ ਨੇ ਦੁਨਿਆਵੀ ਦੌੜ ਵਿਚ ਹੱਫ਼ੇ ਹੋਏ ਮਨੁੱਖ ਨੂੰ ਰੋਕਿਆ ਹੈ। ਉਹ ਸਾਹ ਲੈ ਰਿਹਾ ਏ। ਸਵੈ-ਚਿੰਤਨ ਜਰੂਰ ਕਰੇਗਾ ਕਿ ਕੀ ਸੀ ਖਾਸ ਜਿਸਨੂੰ ਕਮਾਉਣ ਲਈ ਜੀਵਨ ਨੂੰ ਗਵਾ ਰਿਹਾ ਸਾਂ? ਕੀ ਕਮਾਉਣ ਦੀ ਲੋੜ ਹੈ ਜਿਸਨੇ ਰੂਹ ਦੀ ਖੁਰਾਕ ਬਣਨਾ ਏ? ਫ਼ਿਕਰਾਂ ਮਾਰੇ ਮਨੁੱਖ ਨੂੰ ਸਿਰਫ਼ ਖੁਦ ਦੀ ਫ਼ਿਕਰਮੰਦੀ ਨਹੀਂ ਕਰਨੀ ਚਾਹੀਦੀ ਸਗੋਂ ਸਮਾਜ ਅਤੇ ਦੇਸ਼ ਦੀ ਭਲਾਈ ਵਿਚੋਂ ਹੀ ਬੰਦਿਆਈ ਨੂੰ ਬੰਦਗੀ ਬਣਾਉਣ ਦੀ ਲੋੜ ਹੈ।

ਇਹ ਮਹਾਂਮਾਰੀ ਨੇ ਆਦਮੀ ਨੂੰ ਨਵੇਂ ਸੱਚ ਦੇ ਸਾਹਮਣੇ ਕੀਤਾ ਹੈ ਜੋ ਸਾਡੇ ਸੱਭ ਦਾ ਸੱਚ ਹੈ। ਨਵੀਂ ਦ੍ਰਿਸ਼ਟੀ ਨਾਲ ਅਸੀਂ ਆਪਣੇ ਪਰਿਵਾਰ, ਸਮਾਜ, ਦੇਸ਼ ਅਤੇ ਦੁਨੀਆਂ ਨੂੰ ਦੇਖਣ ਅਤੇ ਸਮਝਣ ਦੇ ਯੋਗ ਹੋ ਸਕਦੇ ਹਾਂ ਕਿ ਕਿਸੇ ਵੇਲੇ, ਕੁਝ ਵੀ, ਕਿਸੇ ਵੀ ਅਸਥਾਨ ’ਤੇ ਕੁਝ ਵੀ ਅਣਕਿਹਾ ਅਤੇ ਅਣਕਿਆਸਿਆ ਵਾਪਰ ਸਕਦਾ ਹੈ। ਸਿਰਫ਼ ਲੋੜ ਹੈ ਕਿ ਮਨੁੱਖ ਆਪਣੇ ਤੋਂ ਕਦੇ ਵੀ ਦੂਰ ਨਾ ਜਾਵੇ ਸਗੋਂ ਖੁਦ ਦੇ ਕੋਲ ਰਹੇ ਤਾਂ ਕਿ ਅਜੇਹੇ ਹਾਲਾਤਾਂ ਨਾਲ ਬਾਖੂਬੀ ਨਿਪਟਿਆ ਜਾ ਸਕੇ।

ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਡੇ ਲਈ ਕੀ ਜਰੂਰੀ ਹੈ? ਕਿੰਨੀਆਂ ਕੁ ਨੇ ਸਾਡੀਆਂ ਲੋੜਾਂ? ਕਿੱਡਾ ਕੁ ਘਰ ਰਹਿਣ ਲਈ ਲੋੜੀਂਦਾ ਏ? ਕਿੰਨਾ ਕੁਝ ਜਰੂਰੀ ਹੈ ਮਨੁੱਖੀ ਹੋਂਦ ਲਈ? ਕਿੰਨੀਆਂ ਅਹਿਮ ਹਨ ਕੁਦਰਤੀ ਨਿਆਨਤਾਂ? ਕਿੰਨਾ ਜਰੂਰੀ ਹੈ ਮਨੁੱਖ ਦਾ ਮਨੁੱਖ ਨਾਲ ਮਿਲਾਪ?ਕਿੰਨੀ ਮਹਾਨ ਹੈ ਮਨੁੱਖ ਦੀ ਕੁਦਰਤ ਨਾਲ ਸਾਂਝ? ਕਿੰਨੀਆਂ ਅਹਿਮ ਨੇ ਪਿਆਰ ਦੀਆਂ ਤੰਦਾਂ? ਕਿੰਨਾ ਫ਼ਿਕਰ ਹੁੰਦਾ ਹੈ ਆਪਣੀ ਸਿਹਤ ਤੇ ਜਾਨ ਦਾ? ਸਿਰਫ਼ ਉਹ ਲੋਕ ਹੀ ਇਤਿਹਾਸ ਦਾ ਵਰਕਾ ਬਣਦੇ ਨੇ ਜਿਹਨਾਂ ਦੇ ਮਸਤਕ ’ਤੇ ਲੋਕ-ਭਲਾਈ ਦੀਆਂ ਰੇਖਾਵਾਂ ਦੀ ਕਲਾਨਕਾਸ਼ੀ ਹੁੰਦੀ ਹੈ।

ਯਾਦ ਰੱਖਣਾ ਕਿ ਸਰੀਰਕ ਬਿਮਾਰੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ। ਪਰ ਮਾਨਸਿਕ ਤੌਰ ਤੇ ਕਦੇ ਬਿਮਾਰ ਨਾ ਹੋਣਾ ਸਗੋਂ ਚੜਦੀ ਕਲਾ ਵਿਚ ਰਹਿਣਾ ਕਿਉਂਕਿ ਮਨ ਦੀ ਮਜ਼ਬੂਤੀ ਵਿਚੋਂ ਹੀ ਜ਼ਿੰਦਗੀ ਦੀ ਤਾਮੀਰਦਾਰੀ ਹੁੰਦੀ ਹੈ।

ਹੁਣ ਸੋਚਣਾ ਇਹ ਵੀ ਹੈ ਕਿ ਬਦਲੇ ਹੋਏ ਜੀਵਨ-ਹਾਲਾਤਾਂ ਵਿਚ ਖੁਦ ਨੂੰ ਕਿਵੇਂ ਢਾਲਣਾ ਹੈ? ਇਹ ਤੁਹਾਡੇ ’ਤੇ ਨਿਰਭਰ ਕਰਦਾ ਕਿ ਇਹਨਾਂ ਮਾਯੂਸ ਪਲਾਂ ਵਿਚੋਂ ਖੁਸ਼ੀਆਂ ਨੂੰ ਕਿਵੇਂਤਲਾਸ਼ਣਾ? ਉਦਾਸੀਨਤਾ ਨੂੰ ਦੂਰ ਕਰਕੇ ਮਨ ਦੇ ਹੁਲਾਸ ਨੂੰ ਆਪਣਾ ਹਾਸਲ ਕਿਵੇਂ ਬਣਾਉਣਾ? ਵਿਹੜੇ ਵਿਚਲੇ ਗਮਲਿਆਂ ਵਿਚ ਖਿੜੇ ਫੁੱਲਾਂ ਨਾਲ ਗੱਲਾਂ ਕਰੋ। ਬਹਾਰ ਨੂੰ ਬੰਦਾਈ-ਬਰਕਤ ਬਣਾਓ। ਬੂਟਿਆਂ ਨੂੰ ਪਾਣੀ ਪਾਓ। ਤ੍ਰੇਲ ਭਿੱਜੇ ਘਾਹ ’ਤੇ ਟਹਿਲਣ ਦਾ ਲੁੱਤਫ਼ ਉਠਾਓ। ਰਾਤ ਨੂੰ ਘਰ ਦੀ ਛੱਤ ’ਤੇ ਚੜ ਕੇ ਅਸਮਾਨ ਵਿਚ ਟਿਮਟਿਮਾਂਦੇ ਤਾਰਿਆਂ ਨਾਲ ਸੰਵਾਦ ਰਚਾਓ। ਉਹਨਾਂ ਦੀਆਂ ਕਿਰਨਾਂ ਨੂੰ ਸੋਚ-ਜ਼ਮੀਂ ਵਿਚ ਉਗਾਓ ਜੋ ਤੁਹਾਡੇ ਲਈ ਰੌਸ਼ਨ ਮਾਰਗ ਬਣ ਸਕਣ। ਲੰਮੇਂ ਲੰਮੇਂ ਸਾਹ ਲਓ। ਆਉਂਦੇ-ਜਾਂਦੇ ਸਾਹਾਂ ਦੀ ਤਰਕ-ਸੰਗਤਾ ਨੂੰ ਜੀਵਨ-ਜੋਤ ਨਾਲ ਜੋੜੋ। ਰੂਹ ਦੇ ਦਰਵਾਜ਼ੇ ਖੋਲੋ। ਇਸ ਨੂੰ ਸੂਖ਼ਮ, ਸਹਿਭਾਵੀ ਅਤੇ ਸੁਖਨਮਈ ਪਲਾਂ ਦਾ ਟਿਕਾਣਾ ਬਣਾਓ। ਤੁਹਾਡੀ ਰੂਹ-ਰੰਗਰੇਜ਼ਤਾ ਵਿਚੋਂ ਹੀ ਰੂਹ ਦੀ ਅਮੀਰੀ ਅਤੇ ਅਲਹਾਮਤਾ ਦਾ ਅੰਦਾਜ਼ ਨਜ਼ਰ ਆਵੇਗਾ।

ਅਜੇਹੇ ਮੌਕਿਆਂ ’ਤੇ ਬਿਮਾਰੀ ਅਤੇ ਮੌਤ ਦਾ ਡਰ ਤਾਂ ਹੁੰਦਾ ਹੈ ਪਰ ਇਸਨੂੰਹਾਊਆ ਨਾ ਬਣਾਓ। ਇਕ ਦੂਜੇ ਤੋਂ ਕੁਝ ਦੂਰੀ ਤਾਂ ਬਣਾਓ ਪਰ ਮਨ ਦੀ ਨੇੜਤਾ ਨੂੰ ਹੋਰ ਵਧਾਓ। ਆਪੋ ਆਪਣੇ ਘਰਾਂ ਵਿਚ ਬੰਦ ਰਹੋ ਪਰ ਸੁੰਗੜੋ ਨਾ ਸਗੋਂ। ਬਿਪਤਾ ਵਿਚ ਘਿਰੇ ਆਪਣਿਆਂ ਨਾਲ ਹੋਰ ਗੂੜਾ ਰਾਬਤਾ ਬਣਾਓ ਜਿਹਨਾਂ ਨੂੰ ਤੁਹਾਡੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ। ਅਜੇਹੇ ਮੌਕੇ ’ਤੇ ਦਿਲਾਂ ਵਿਚ ਪਿਆਰ ਨੂੰ ਮੌਲਣ ਦਿਓ ਅਤੇ ਘ੍ਰਿਣਾ, ਰੰਜ਼ਸ,: ਨਫ਼ਰਤ ਜਾਂ ਮਨ-ਮੁਟਾਵ ਨੂੰ ਰੁਕਾਵਟ ਨਾ ਬਣਨ ਦਿਓ। ਕੋਈ ਵੀ ਬਿਪਤਾ ਇਕੱਠੇ ਹੋ ਕੇ ਸਦਾ ਲਈ ਟਾਲੀ ਜਾ ਸਕਦੀ ਏ। ’ਕੱਲੇ ਰਹੇ ਤਾਂ ਬਿਪਤਾ ਸਾਹਵੇਂ ਹਾਰ ਜਾਵੋਗੇ। ਸੋ ਲੋੜ ਹੈ ਕਿ ਕਰੋਨਾ ’ਤੇ ਜਿੱਤ ਹਾਸਲ ਕਰਨ ਲਈ ਸਾਰੇ ਹੰਭਲਾ ਮਾਰੀਏ। ਹਾਰ ਜਾਣ ਵਾਲੇ ਲੋਕ ਤਹਿਜ਼ੀਬਵਿਚੋਂ ਸਦਾ ਲਈ ਮਿੱਟ ਜਾਂਦੇ ਨੇ। ਸਦਾ ਜਿਉਂਦੀਆ ਨੇ ਉਹ ਕੌਮਾਂ ਜਿਹਨਾਂ ਨੇ ਆਪਣੀ ਹਿੰਮਤ, ਦਲੇਰੀ ਅਤੇ ਫਰਾਖ਼ਦਿਲੀ ਨਾਲ ਅਜੇਹੀਆਂ ਅਣਹੋਣੀਆਂ ਨੂੰਹਰਾਇਆ ਏ। ਕੋਈ ਵੀ ਮਹਾਂਮਾਰੀ, ਮਨੁੱਖ ਦਾ ਇਮਤਿਹਾਨ ਹੁੰਦਾ ਜੋ ਮਨੁੱਖ ਦੇ ਹੌਂਸਲੇ ਤੋਂ ਕਦੇ ਵੀ ਵੱਡਾ ਨਹੀਂ ਹੁੰਦਾ। ਸਿਰਫ਼ਮਨ ਵਿਚ ਇਸ ਨਾਲ ਲੜਨ ਅਤੇ ਇਸਨੂੰ ਹਰਾਉਣ ਦੀ ਸੋਚ ਹੀ ਹਾਵੀ ਹੋਣੀ ਚਾਹੀਦੀ ਹੈ।

ਜ਼ਿੰਦਗੀ ਹਮੇਸ਼ਾ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਸਦਾ ਜ਼ਿੰਦਾਬਾਦ ਰਹੇਗੀ। ਸਿਰਫ਼ ਲੋੜ ਹੈ ਅਜੇਹੇ ਮੌਕੇ ’ਤੇ ਹਨੇਰੇ ਵਿਚੋਂ ਰਿਸ਼ਮਾਂ ਨੂੰ ਭਾਲਣ ਦੀ। ਇਹਨਾਂ ਦੀ ਕੰਨੀਂ ਫੜ ਕੇ ਰੌਸ਼ਨ ਰਾਹਾਂ ਵੰਨੀਂ ਕਦਮ ਵਧਾਉਣ ਦੀ। ਉਸਾਰੂ ਬਿਰਤੀ ਹੀ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਮਜਬੂਤ ਕਰਦੀ, ਵਿਨਾਸ਼ਕਾਰੀ ਹਾਲਾਤਾਂ ਨੂੰ ਹਰਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਜੇਹੀ ਜ਼ਿਕਰਯੋਗ ਭੂਮਿਕਾ ਨਿਭਾਉਣ ਦੀ, ਹੁਣ ਮਨੁੱਖ ਦੀ ਵਾਰੀ ਹੈ। ਆਸ ਹੈ ਕਿ ਮਨੁੱਖ ਕਦੇ ਵੀ ਮਨੁੱਖਤਾ ਨੂੰ ਨਿਰਾਸ਼ ਨਹੀਂ ਕਰੇਗਾ।

Whatapp/cell # 001-216-556-2080

# ਮੁਫ਼ਤ ਰਾਸ਼ਨ ਸਕੀਮ ਦੇ ਨੇਕ ਕੰਮ ਉੱਤੇ ਸਿਆਸੀ ਠੱਪਾ!

*** ਰਾਸ਼ਨ ਦੇ ਥੈਲਿਆਂ 'ਤੇ ਮੁੱਖ ਮੰਤਰੀ ਦੀ ਤਸਵੀਰ**



ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਛੋਹਿਆ ਗਿਆ ਭਲੇ ਦਾ ਕੰਮ ਸਿਆਸੀ ਲਾਭ ਦੇ ਵਿਵਾਦ ਵਿੱਚ ਫਸਣ ਲੱਗਿਆ ਹੈ। ਰਾਜ ਸਰਕਾਰ ਨੇ 10 ਲੱਖ ਪਰਵਾਰਾਂ ਨੂੰ ਮੁਫ਼ਤ ਰਾਸ਼ਨ ਦੇ ਥੈਲੇ ਵੰਡਣੇ ਹਨ, ਜਿਨ੍ਹਾਂ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਛਾਪਣ ਕਰਕੇ ਰਾਸ਼ਨ ਦੀ ਵੰਡ 'ਚ ਦੇਰੀ ਹੋ ਰਹੀ ਹੈ।

ਵਰਨਣ ਯੋਗ ਹੈ ਕਿ ਕਰਫਿਊ ਦੇ ਦੌਰਾਨ ਰਾਜ ਦੇ ਗਰੀਬ ਲੋਕ ਦੋ ਵਕਤ ਦੀ ਰੋਟੀ ਲਈ ਰਾਸ਼ਨ ਉਡੀਕ ਰਹੇ ਹਨ ਅਤੇ ਰਾਜ ਸਰਕਾਰ ਕੁਝ ਦਿਨਾਂ ਤੋਂ ਮੁੱਖ ਮੰਤਰੀ ਦੀ ਤਸਵੀਰ ਵਾਲੇ ਥੈਲਿਆਂ ਦੇ ਪ੍ਰਬੰਧ ਵਿੱਚ ਉਲਝੀ ਹੋਈ ਸੀ। ਇਸ ਨੂੰ ਲੈ ਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਆਹਮੋ-ਸਾਹਮਣੇ ਹੋ ਗਈਆਂ ਹਨ। ਖੁਰਾਕ ਅਤੇ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲਿਆਂ ਦੇ ਵਿਭਾਗ ਦੇ 28 ਮਾਰਚ ਦੇ ਪੱਤਰ ਅਨੁਸਾਰ ਪੰਜਾਬ ਵਿੱਚ ਆਰਥਿਕ ਪੱਖੋਂ ਗਰੀਬ ਪਰਵਾਰਾਂ ਨੂੰ ਰਾਸ਼ਨ ਦੇ 10 ਲੱਖ ਥੈਲੇ ਮੁਫ਼ਤ ਵੰਡਣ ਦਾ ਫੈਸਲਾ ਲਿਆ ਗਿਆ ਹੈ। ਰਾਸ਼ਨ ਦੇ ਥੈਲੇ ਵਿੱਚ 10 ਕਿੱਲੋਂ ਆਟੇ ਦੀ ਥੈਲੀ ਦੋ ਕਿੱਲੋ ਖੰਡ ਅਤੇ ਦੋ ਕਿੱਲੋ ਦਾਲ ਦਾ ਪੈਕੇਟ ਪਾਇਆ ਗਿਆ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਮੁਫ਼ਤ ਵੰਡੇ ਜਾਣ ਵਾਲੇ ਇਸ ਰਾਸ਼ਨ ਵਾਸਤੇ ਮੁੱਖ ਮੰਤਰੀ ਦੀ ਤਸਵੀਰ ਵਾਲਾ ਜੋ ਥੈਲਾ ਬਣਵਾਇਆ ਗਿਆ ਹੈ, ਉਸ 'ਤੇ ਕਰੀਬ ਡੇਢ ਕਰੋੜ ਰੁਪਏ ਖਰਚ ਕੀਤੇ ਗਏ ਹਨ। ਪ੍ਰਤੀ ਥੈਲਾ ਅੰਦਾਜ਼ਨ 15 ਰੁਪਏ ਖਰਚੇ ਗਏ ਹਨ। ਥੈਲਿਆਂ ਦਾ ਪ੍ਰਬੰਧ ਅਤੇ ਤਸਵੀਰ ਦੀ ਛਪਾਈ ਰਾਜ ਪੱਧਰ 'ਤੇ ਕੀਤੀ ਗਈ ਹੈ ਜਿਸ ਮਗਰੋਂ ਥੈਲੇ ਜ਼ਿਲ੍ਹਿਆਂ ਵਿੱਚ ਪੈਕਿੰਗ ਵਾਸਤੇ ਭੇਜੇ ਗਏ ਹਨ। ਜਾਰੀ ਪੱਤਰ ਅਨੁਸਾਰ 10 ਕਿੱਲੋ ਆਟੇ ਦੀ ਥੈਲੀ 'ਤੇ 240 ਰੁਪਏ ਕੀਮਤ ਹੈ, ਜਦੋਂ ਕਿ ਦਾਲ 50 ਤੋਂ 57 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਖਰੀਦੀ ਗਈ ਹੈ। ਖੰਡ ਦੀ ਸਪਲਾਈ ਸ਼ੂਗਰਫੈਡ ਨੇ ਕੀਤੀ ਹੈ। ਦਾਲਾਂ ਦੀ ਖਰੀਦ ਦਾ ਕੰਮ ਨੈਫੇਡ ਨੇ ਕੀਤਾ ਹੈ। ਮਹਿਕਮੇ ਨੇ 30 ਮਾਰਚ ਨੂੰ ਦੋਬਾਰਾ ਪੱਤਰ ਜਾਰੀ ਕਰਕੇ ਹਦਾਇਤ ਕੀਤੀ ਹੈ ਕਿ ਇਹ ਮੁਫ਼ਤ ਰਾਸ਼ਨ ਉਨ੍ਹਾਂ ਗਰੀਬ ਲੋਕਾਂ ਨੂੰ ਦਿੱਤਾ ਜਾਣਾ ਹੈ ਜੋ ਨੀਲੇ ਕਾਰਡਾਂ ਵਾਲੀ ਸਕੀਮ ਤੋਂ ਵਾਂਝੇ ਰਹਿ ਗਏ ਹਨ। ਰਾਸ਼ਨ ਵੰਡਣ ਸਮੇਂ ਸਮਾਜਿਕ ਦੂਰੀ ਯਕੀਨੀ ਬਣਾਉਣ ਦੀ ਵੀ ਹਦਾਇਤ ਕੀਤੀ ਗਈ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਰਾਸ਼ਨ ਦੇ 8500 ਥੈਲੇ ਵੰਡੇ ਜਾਣੇ ਹਨ। ਕਾਂਗਰਸ ਦੇ ਵਿਧਾਇਕਾਂ ਨੇ ਇਸ ਮੁਫ਼ਤ ਰਾਸ਼ਨ ਦੀ ਵੰਡ ਕਰਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਕਰੀਬ 70 ਕਰੋੜ ਰੁਪਏ ਦਾ ਬਜਟ ਇਸ ਮੁਫ਼ਤ ਰਾਸ਼ਨ ਸਕੀਮ ਵਾਸਤੇ ਰੱਖਿਆ ਗਿਆ ਹੈ ਅਤੇ ਪਹਿਲੇ ਪੜਾਅ ਤਹਿਤ 10 ਲੱਖ ਪਰਵਾਰਾਂ ਨੂੰ ਮੁਫ਼ਤ ਰਾਸ਼ਨ ਦੇਣ ਦਾ ਟੀਚਾ ਮਿੱਥਿਆ ਗਿਆ ਹੈ।

# ਪੰਜਾਬ ਦੇ ਡੀ ਜੀ ਪੀ ਨੇ ਆਪਣੇ ਟਵਿੱਟਰ ਤੋਂ ਸਿੱਧੂ ਮੂਸੇਵਾਲਾ ਦਾ ਗੀਤ ਹਟਾਇਆ

ਜਲੰਧਰ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਲਈ ਸਿਰਦਰਦੀ ਬਣਦਾ ਜਾਂਦਾ ਸਿੱਧੂ ਮੂਸੇਵਾਲਾ ਦਾ ਵਿਵਾਦਤ ਗੀਤ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੂੰ ਆਪਣੇ ਟਵਿੱਟਰ ਹੈਂਡਲ ਤੋਂ ਹਟਾਉਣਾ ਪਿਆ ਹੈ। ਸਿੱਧੂ ਮੂਸੇਵਾਲਾ ਦਾ ਇਹ ਗੀਤ ਕੋਰੋਨਾ ਵਾਇਰਸ ਬਾਰੇ ਸੀ, ਜਿਸ ਵਿੱਚ ਉਸ ਨੇ ਪਿੰਡ ਪਠਲਾਵਾ ਦੇ ਕੋਰੋਨਾ ਨਾਲ ਮਾਰੇ ਗਏ ਬਲਦੇਵ ਸਿੰਘ ਦੀਆਂ ਤਸਵੀਰਾਂ ਲਾ ਕੇ ਆਪਣੇ ਯੂ-ਟਿਊਬ ਪੇਜ 'ਤੇ ਪਾਇਆ ਹੋਇਆ ਸੀ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਪਹਿਲੀ ਮੌਤ ਪਿੰਡ ਪਠਲਾਵਾ ਦੇ ਗਿਆਨੀ ਬਲਦੇਵ ਸਿੰਘ ਦੀ 18 ਮਾਰਚ ਨੂੰ ਹੋਈ ਸੀ। ਬਲਦੇਵ ਸਿੰਘ 7 ਮਾਰਚ ਨੂੰ ਆਪਣੇ ਦੋ ਹੋਰ ਸਾਥੀਆਂ ਸਮੇਤ ਇਟਲੀ ਤੋਂ ਆਇਆ ਸੀ। ਬਲਦੇਵ ਸਿੰਘ ਦੀ ਮੌਤ ਨੂੰ ਸਿੱਧੂ ਮੂਸੇਵਾਲਾ ਨੇ ਆਪਣੇ ਗੀਤ ਰਾਹੀਂ ਇਸ ਤਰ੍ਹਾਂ ਪ੍ਰਚਾਰਿਆ ਸੀ, ਜਿਵੇਂ ਉਹੀ ਕੋਰੋਨਾ ਵਾਇਰਸ ਫੈਲਾਉਣ ਲਈ ਜ਼ਿੰਮੇਵਾਰ ਹੋਵੇ। ਇਸ ਨੂੰ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਨੇ ਆਪਣੇ ਟਵਿੱਟਰ ਹੈਂਡਲ 'ਤੇ 26 ਮਾਰਚ ਦੀ ਰਾਤ ਪਾਇਆ ਸੀ। ਇਹੀ ਗੀਤ ਪੰਜਾਬ ਪੁਲਸ ਦੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਪਾਇਆ ਗਿਆ ਸੀ। ਪੰਜਾਬ ਸਰਕਾਰ ਦੀ ਇਸ ਗੀਤ ਕਾਰਨ ਪਿਛਲੇ ਛੇ ਦਿਨਾਂ ਤੋਂ ਬਦਨਾਮੀ ਹੋ ਰਹੀ ਸੀ।

ਪਿੰਡ ਪਠਲਾਵਾ ਦੇ ਸਰਪੰਚ ਤੇ ਲੋਕਾਂ ਵੱਲੋਂ ਕੀਤੇ ਤਿੱਖੇ ਵਿਰੋਧ ਅਤੇ ਸੋਸ਼ਲ ਮੀਡੀਆ 'ਤੇ ਹੋਈ ਚਰਚਾ ਨੇ ਪੰਜਾਬ ਸਰਕਾਰ ਦੀ ਪ੍ਰੇਸ਼ਾਨੀ ਵਧਾ ਦਿੱਤੀ ਸੀ। ਇਸ ਦੇ ਬਾਅਦ ਡੀ ਜੀ ਪੀ ਤੇ ਪੰਜਾਬ ਪੁਲਸ ਦੇ ਟਵਿੱਟਰ ਹੈਂਡਲ ਤੋਂ ਇਹ ਗੀਤ ਹਟਾ ਦਿੱਤਾ ਗਿਆ ਹੈ। ਬਲਦੇਵ ਸਿੰਘ ਦੀ ਮੌਤ 18 ਮਾਰਚ ਨੂੰ ਹੋਈ ਸੀ ਅਤੇ ਉਸ ਦੀ ਮੌਤ ਦੇ ਅੱਠ ਦਿਨਾਂ ਦੇ ਅੰਦਰ ਹੀ ਜਿੰਨੀ ਤੇਜ਼ੀ ਨਾਲ ਇਹ ਗੀਤ ਤਿਆਰ ਹੋਇਆ ਸੀ, ਓਨੀ ਹੀ ਤੇਜ਼ੀ ਨਾਲ ਵਾਇਰਲ ਹੋਇਆ ਸੀ। ਇਸ ਵਿਵਾਦਤ ਗੀਤ ਬਾਰੇ ਪਰਵਾਸੀ ਪੰਜਾਬੀਆਂ ਨੇ ਬੜੀ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ ਕਿ ਪੰਜਾਬ ਪੁਲਸ ਨੇ ਗਿਣੀ-ਮਿੱਥੀ ਸਾਜਿਸ਼ ਤਹਿਤ ਉਨ੍ਹਾਂ ਨੂੰ ਬਦਨਾਮ ਕਰਨ ਲਈ ਇਸ ਦਾ ਪ੍ਰਚਾਰ ਕੀਤਾ ਹੈ। ਇਸ ਗੀਤ ਦੇ ਸ਼ੁਰੂ ਤੇ ਅੰਤ ਵਿੱਚ ਪੰਜਾਬ ਪੁਲਸ ਦਾ ਲੋਗੋ ਦਿਖਾਇਆ ਗਿਆ ਤੇ ਪੰਜਾਬ ਪੁਲਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਸੀ। ਕਈ ਆਗੂਆਂ ਨੇ ਇਸ ਗੀਤ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲਾਂ ਕੀਤੀਆਂ ਸਨ ਕਿ ਸਿੱਧੂ ਮੂਸੇਵਾਲਾ ਨੂੰ ਤਲਬ ਕੀਤਾ ਜਾਵੇ ਜਿਸ ਨੇ ਇੱਕ ਅੰਮ੍ਰਿਤਧਾਰੀ ਗੁਰਸਿੱਖ ਨੂੰ ਪੰਜਾਬ ਪੁਲਸ ਦੇ ਇਸ਼ਾਰਿਆਂ 'ਤੇ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਹੈ। ਪਿੰਡ ਪਠਲਾਵਾ ਦੇ ਲੋਕਾਂ ਨੇ ਮੁੱਖ ਮੰਤਰੀ ਨੂੰ ਤਿੰਨ ਸਫ਼ਿਆਂ ਦਾ ਪੱਤਰ ਲਿੱਖ ਕੇ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਪਿੰਡ ਬਦਨਾਮੀ ਨੂੰ ਰੋਕਿਆ ਜਾਵੇ। ਉਨ੍ਹਾਂ ਮੰਗ ਵੀ ਕੀਤੀ ਸੀ ਕਿ ਸਿੱਧੂ ਮੂਸੇਵਾਲਾ 'ਤੇ ਕੇਸ ਦਰਜ ਕੀਤਾ ਜਾਵੇ ਤੇ ਇਸ ਗੀਤ ਨੂੰ ਯੂ-ਟਿਊਬ ਤੋਂ ਹਟਵਾਇਆ ਜਾਵੇ।

# ਮੇਰਠ ਤੇ ਦਿੱਲੀ ਤੋਂ ਆਏ 15 ਜਣੇ ਇਕਾਂਤਵਾਸ ਵਿੱਚ ਭੇਜੇ ਗਏ

ਮੁਕਤਸਰ ਸਾਹਿਬ, 2 ਅਪ੍ਰੈਲ (ਪੋਸਟ ਬਿਊਰੋ)- ਪਿਛਲੇ 12 ਦਿਨਾਂ ਤੋਂ ਮੁਕਤਸਰ ਦੀ ਮਸੀਤ 'ਚ ਬੈਠੇ 15 ਪਰਵਾਸੀ ਮੁਸਲਮਾਨਾਂ ਨੂੰ ਮੁਕਤਸਰ ਪ੍ਰਸ਼ਾਸਨ ਨੇ ਕੱਲ੍ਹ ਮਸੀਤ ਵਿੱਚ ਇਕਾਂਤਵਾਸ 'ਚ ਰਹਿਣ ਦੀ ਹਦਾਇਤ ਕਰ ਕੇ ਉਥੇ ਪੁਲਸ ਦਾ ਪਹਿਰਾ ਬਿਠਾ ਦਿੱਤਾ ਹੈ। ਜਾਣਕਾਰ ਸੂਤਰਾਂ ਅਨੁਸਾਰ ਇਨ੍ਹਾਂ ਵਿੱਚੋਂ 13 ਜਣੇ ਮੇਰਠ ਅਤੇ 1-1 ਵਿਅਕਤੀ ਮੁਰਾਦ ਨਗਰ ਤੇ ਮੁਜ਼ਫਰਾਨਗਰ ਤੋਂ 19 ਮਾਰਚ ਨੂੰ ਰੇਲ ਗੱਡੀ ਰਾਹੀਂ ਮੁਕਤਸਰ ਪੁੱਜੇ ਸਨ। ਇਸ ਦੌਰਾਨ ਕਰਫਿਊ ਲੱਗਣ ਕਰਕੇ ਉਹ ਮੁਕਸਤਰ ਦੀ ਮਸੀਦ ਵਿੱਚ ਹੀ ਰਹਿ ਰਹੇ ਹਨ, ਪਰ ਉਨ੍ਹਾਂ ਇਸ ਸਬੰਧੀ ਜਾਣਕਾਰੀ ਪ੍ਰਸ਼ਾਸਨ ਨੂੰ ਨਹੀਂ ਸੀ।

ਡਿਪਟੀ ਕਮਿਸ਼ਨਰ ਐਮ ਕੇ ਅਰਵਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਵਿਅਕਤੀ ਦਿੱਲੀ ਹੋ ਕੇ ਇਥੇ ਆਏ ਹਨ। ਹਾਲ ਦੀ ਘੜੀ ਇਨ੍ਹਾਂ ਵਿੱਚ ਕੋਰੋਨਾ ਵਾਇਰਸ ਦਾ ਕੋਈ ਲੱਛਣ ਨਹੀਂ ਪਾਇਆ ਗਿਆ, ਪਰ ਸੁਰੱਖਿਆ ਵਜੋਂ ਇਨ੍ਹਾਂ ਨੂੰ ਇਕਾਂਤਵਾਸ 'ਚ ਰਹਿਣ ਦੀ ਹਦਾਇਤ ਕੀਤੀ ਗਈ ਹੈ।

# ਪੰਜਾਬ ਦੇ ਡੀ ਜੀ ਪੀ ਦੀ ਵਿਦੇਸ਼ ਤੋਂ ਮੁੜੀ ਧੀ ਕੋਰੋਨਾ ਦੇ ਬਚਾਅ ਲਈ ਆਈਸੋਲੇਟ



ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਸ਼ੱਕ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੂੰ ਕੋਈ ਸਮੱਸਿਆ ਨਹੀਂ, ਉਨ੍ਹਾਂ ਦੀ ਵਿਦੇਸ਼ ਤੋਂ ਮੁੜੀ ਧੀ ਨੂੰ 14 ਦਿਨ ਲਈ ਘਰ ਵਿੱਚ ਏਕਾਂਤਵਾਸ 'ਚ ਰੱਖਿਆ ਗਿਆ ਸੀ। ਇਸ ਬਾਰੇ ਅਫ਼ਵਾਹ ਉਡਣ ਪਿੱਛੋਂ ਇਹ ਸਪੱਸ਼ਟੀਕਰਨ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦਿੱਤਾ ਹੈ।

ਇਸ ਮਾਮਲੇ 'ਚ ਠੁਕਰਾਲ ਨੇ ਕਿਹਾ ਹੈ ਕਿ ਡੀ ਜੀ ਪੀ ਦਿਨਕਾਰ ਗੁਪਤਾ ਨੂੰ ਏਕਾਂਤਵਾਸ ਵਿੱਚ ਨਹੀਂ ਰੱਖਿਆ ਗਿਆ ਅਤੇ ਇਹ ਕਹਿਣਾ ਗਲਤ ਹੈ ਕਿ ਉਨ੍ਹਾਂ ਦੀ ਘਰ 'ਚ ਏਕਾਂਤਵਾਸ ਦੀ ਮਿਆਦ ਕੱਲ੍ਹ ਖ਼ਤਮ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਮੁਖੀ ਦੀ ਧੀ 16 ਮਾਰਚ ਨੂੰ ਵਿਦੇਸ਼ ਤੋਂ ਆਈ ਸੀ, ਉਸ ਵਿੱਚ ਕੋਰੋਨਾ ਵਾਇਰਸ ਜਾਂ ਹੋਰ ਕਿਸੇ ਬਿਮਾਰੀ ਦੇ ਕੋਈ ਲੱਛਣ ਨਹੀਂ ਸਨ, ਫਿਰ ਵੀ ਪ੍ਰੋਟੋਕਾਲ ਦੇ ਤਹਿਤ ਉਨ੍ਹਾਂ ਨੂੰ ਘਰ ਵਿੱਚ 14 ਦਿਨ ਦੇ ਏਕਾਂਤਵਾਸ 'ਚ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ 14 ਦਿਨ ਦੀ ਮਿਆਦ ਕੱਲ੍ਹ ਸਵੇਰੇ ਖ਼ਤਮ ਹੋ ਗਈ ਹੈ ਅਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ। ਪੰਜਾਬ ਸਰਕਾਰ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਡੀ ਜੀ ਪੀ ਗੁਪਤਾ ਦੀ ਧੀ ਦੇ ਕੇਸ ਵਿੱਚ ਵੀ ਘਰ 'ਚ ਏਕਾਂਤਵਾਸ ਦੇ ਪ੍ਰੋਟੋਕਾਲ ਨੂੰ ਪੂਰੀ ਸਖ਼ਤੀ ਨਾਲ ਲਾਗੂ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਕੱਲ੍ਹ ਦੁਪਹਿਰ ਸੋਸ਼ਲ ਮੀਡੀਆ 'ਤੇ ਇਹ ਖ਼ਬਰ ਵਾਇਰਲ ਹੋਣ ਲੱਗੀ ਸੀ ਕਿ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਘਰ ਵਿੱਚ ਏਕਾਂਤਵਾਸ 'ਚ ਰੱਖਿਆ ਗਿਆ ਹੈ। ਖ਼ਬਰ ਵਾਇਰਲ ਕਰਨ ਵਾਲਿਆਂ ਨੇ ਡੀ ਜੀ ਪੀ ਦੇ ਚੰਡੀਗੜ੍ਹ ਵਾਲੇ ਘਰ ਦੇ ਮੁੱਖ ਗੇਟ ਦਾ ਫ਼ੋਟੋ ਵੀ ਜਾਰੀ ਕੀਤਾ ਸੀ, ਜਿਸ ਉਤੇ ਘਰ 'ਚ ਏਕਾਂਤਵਾਸ ਬਾਰੇ ਸਿਹਤ ਵਿਭਾਗ ਵੱਲੋਂ ਚਿਪਕਾਇਆ ਨੋਟਿਸ ਨਜ਼ਰ ਆ ਰਿਹਾ ਸੀ, ਹਾਲਾਂਕਿ ਇਸ ਕਾਗ਼ਜ਼ ਉਤੇ ਡੀ ਜੀ ਪੀ ਦਾ ਨਹੀਂ, ਸਗੋਂ ਉਨ੍ਹਾਂ ਦੀ ਧੀ ਨਾਂਅ ਲਿਖਿਆ ਸੀ, ਜਿਨ੍ਹਾਂ ਨੂੰ 17 ਮਾਰਚ ਤੋਂ 31 ਮਾਰਚ ਤੱਕ ਏਕਾਂਤਵਾਸ 'ਚ ਰੱਖੇ ਜਾਣ ਦੀ ਜਾਣਕਾਰੀ ਸੀ।

# ਕਸਟਮ, ਇਮੀਗ੍ਰੇਸ਼ਨ ਅਤੇ ਬੀ ਐਸ ਐਫ ਦੇ ਮੁਲਾਜ਼ਮ ਆਈਸੋਲੇਟ ਕੀਤੇ ਗਏ



ਅੰਮ੍ਰਿਤਸਰ, 2 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਤੇ ਨੋਇਡਾ ਦੇ ਫੋਰਟਿਸ ਹਸਪਤਾਲ 'ਚੋਂ ਇਲਾਜ ਕਰਾਉਣ ਤੋਂ ਬਾਅਦ ਕੱਲ੍ਹ ਅਟਾਰੀ ਬਾਰਡਰ ਰਾਹੀਂ ਪਾਕਿਸਤਾਨ ਗਏ ਪੰਜ ਨਾਗਰਿਕਾਂ ਵਿੱਚੋਂ ਦੋ ਕੋਰੋਨਾ ਪੌਜ਼ਿਟਿਵ ਮਿਲੇ ਹਨ। ਪਾਕਿਸਤਾਨ ਤੋਂ ਇਸ ਦੀ ਸੂਚਨਾ ਮਿਲਣ ਪਿੱਛੋਂ ਇਨ੍ਹਾਂ ਪੰਜਾਂ ਦੀ ਚੈਕਿੰਗ ਵੇਲੇ ਇਨ੍ਹਾਂ ਦੇ ਸੰਪਰਕ ਵਿੱਚ ਆਏ ਕਸਟਮ ਅਤੇ ਇਮੀਗਰੇਸ਼ਨ ਆਦਿ ਦੇ ਮੁਲਾਜ਼ਮਾਂ ਅਤੇ ਬੀ ਐਸ ਐਫ ਦੇ ਜਵਾਨਾਂ ਨੂੰ ਕੁਆਰੰਟਾਈਨ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਦੇ ਚੌਧਰੀ ਮੁਹੰਮਦ ਅਸ਼ਫਾਕ 29 ਮਾਰਚ ਨੂੰ ਦਿੱਲੀ ਵਿਚਲੇ ਫੋਰਟਿਸ ਹਸਪਤਾਲ 'ਚੋਂ ਫਾਲੋਅਪ ਟ੍ਰੀਟਮੈਂਟ ਕਰਵਾ ਕੇ ਆਪਣੇ ਸਹਿਯੋਗੀ ਚੌਧਰੀ ਆਸਿਫ ਦੇ ਨਾਲ ਅਟਾਰੀ ਸਰਹੱਦ 'ਤੇ ਪਹੁੰਚੇ ਸਨ। ਇਸੇ ਦਿਨ ਪਾਕਿਸਤਾਨ ਦੇ ਨਿਗਾਹ ਮੁਖਤਾਰ ਵੀ ਫੋਰਟਿਸ ਹਸਪਤਾਲ ਤੋਂ ਲਿਵਰ ਟਰਾਂਸਪਲਾਂਟ ਕਰਵਾ ਕੇ ਅਟਾਰੀ ਸਰਹੱਦ 'ਤੇ ਆਏ ਸਨ। ਨਿਗਾਹ ਮੁਖਤਾਰ ਨੂੰ ਲਿਵਰ ਡੋਨੇਟ ਕਰਨ ਵਾਲਾ ਮੁਹੰਮਦ ਖਾਲਿਦ ਅਤੇ ਉਨ੍ਹਾਂ ਦਾ ਸਹਿਯੋਗੀ ਯਾਸੀਰ ਮੁਖਤਿਆਰ ਵੀ ਉਨ੍ਹਾਂ ਦੇ ਨਾਲ ਸਨ। ਇਨ੍ਹਾਂ ਨੂੰ ਐਂਬੂਲੈਂਸ ਰਾਹੀਂ ਦਿੱਲੀ ਤੋਂ ਅਟਾਰੀ ਸਰਹੱਦ 'ਤੇ ਲਿਆਂਦਾ ਗਿਆ ਸੀ। ਏਥੋਂ ਇਹ ਪੰਜੇ ਅਟਾਰੀ ਸਰਹੱਦ ਦੇ ਰਸਤੇ ਪਾਕਿਸਤਾਨ ਰਵਾਨਾ ਹੋ ਗਏ। ਸਰਹੱਦ ਪਾਰ ਕਰਨ ਤੋਂ ਬਾਅਦ ਸਾਰਿਆਂ ਦਾ ਕੋਵਿਡਾ-19 ਟੈਸਟ ਕੀਤਾ ਗਿਆ ਤਾਂ ਇਨ੍ਹਾਂ ਵਿੱਚੋਂ ਦੋ ਲੋਕ ਕੋਰੋਨਾ ਪੌਜ਼ਿਟਿਵ ਮਿਲੇ ਹਨ। ਅਜੇ ਇਹ ਜਾਣਕਾਰੀ ਨਹੀਂ ਮਿਲੀ ਕਿ ਪੰਜਾਂ 'ਚੋਂ ਕਿਹੜੇ ਦੋ ਕੋਰੋਨਾ ਪੌਜ਼ਿਟਿਵ ਹਨ। ਦੋ ਪਾਕਿਸਤਾਨੀਆਂ ਦੇ ਕੋਰੋਨਾ ਪੌਜ਼ਿਟਿਵ ਹੋਣ ਦੀ ਸੂਚਨਾ ਮਿਲਣ 'ਤੇ ਹਲਚਲ ਮੱਚ ਗਈ ਹੈ। ਇਨ੍ਹਾਂ ਪੰਜਾਂ ਨਾਲ ਬੀ ਐਸ ਐਫ ਦੇ ਦੋ ਜਵਾਨ ਅਤੇ ਕਸਟਮ ਵਿਭਾਗ ਦੇ ਦੋ ਅਧਿਕਾਰੀ ਅਤੇ ਇਮੀਗਰੇਸ਼ਨ ਦਾ ਇੱਕ ਅਧਿਕਾਰੀ ਸਿੱਧੇ ਸੰਪਰਕ 'ਚ ਆਇਆ ਸੀ। ਪਾਕਿਸਤਾਨ ਤੋਂ ਉਕਤ ਸੂਚਨਾ ਮਿਲਣ ਤੋਂ ਬਾਅਦ ਇਨ੍ਹਾਂ ਸਾਰਿਆਂ ਨੂੰ 14 ਦਿਨਾਂ ਲਈ ਹੋਮ ਕੁਆਰੰਟਾਈਨ ਭੇਜ ਦਿੱਤਾ ਹੈ।

# ਤਿੰਨ ਦੋਸ਼ੀਆਂ ਦੀ ਗ੍ਰਿਫਤਾਰੀ ਨਾਲ ਧਾਰੀਵਾਲ ਕਤਲ ਕੇਸ ਸੁਲਝ ਗਿਆ



ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਅਸ਼ੋਕ ਕੁਮਾਰ ਦੇ ਕਤਲ ਦਾ ਕੇਸ ਸੁਲਝਾ ਲਿਆ ਹੈ, ਜਿਸ ਨੂੰ 10 ਫਰਵਰੀ 2020 ਨੂੰ ਗੁਰਦਾਸਪੁਰ ਜ਼ਿਲੇ ਦੇ ਧਾਰੀਵਾਲ ਖੇਤਰ ਵਿੱਚ ਗੋਲੀ ਮਾਰ ਦਿੱਤੀ ਗਈ ਸੀ।

ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੇ ਦੱਸਿਆ ਕਿ ਦੋਸ਼ੀਆਂ ਨੂੰ 27 ਮਾਰਚ ਵਾਲੇ ਦਿਨ ਥਾਣਾ ਸ਼ਾਹਪੁਰ ਕੰਢੀ, ਜ਼ਿਲਾ ਪਠਾਨਕੋਟ ਦੀ ਇੱਕ ਟੀਮ ਨੇ ਗ੍ਰਿਫਤਾਰ ਕੀਤਾ ਸੀ। ਮੁਲਜ਼ਮਾਂ ਦੀ ਪਛਾਣ ਜਗਮੀਤ ਸਿੰਘ ਉਰਫ ਮੀਤ ਪੁੱਤਰ ਨਰਿੰਦਰ ਸਿੰਘ ਵਾਸੀ ਪੱਥਾਰਾਲੀ ਕਲਾਂ ਥਾਣਾ ਡੇਰਾ ਬਾਬਾ ਨਾਨਕ, ਗੁਰਦਾਸਪੁਰ, ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਲਖਬੀਰ ਸਿੰਘ ਵਾਸੀ ਝਾਂਜਿਆਂ ਖੁਰਦ ਥਾਣਾ ਫਤਿਹਗੜ੍ਹ ਚੂੜੀਆਂ, ਗੁਰਦਾਸਪੁਰ ਤੇ ਰਾਜਿੰਦਰ ਸਿੰਘ ਉਰਫ ਨਿੱਕੂ ਪੁੱਤਰ ਕਸ਼ਮੀਰ ਸਿੰਘ ਵਾਸੀ ਗੁੰਨੋਪੁਰ ਥਾਣਾ ਭੈਣੀ ਮੀਆਂ ਖਾਂ, ਗੁਰਦਾਸਪੁਰ ਵਜੋਂ ਹੋਈ ਹੈ। ਮੁਲਜ਼ਮਾਂ ਕੋਲੋਂ ਇੱਕ ਨੌਂ ਐੱਮ ਐੱਮ ਦਾ ਪਿਸਤੌਲ, ਨਾਲ ਦੋ ਮੈਗਜ਼ੀਨ ਅਤੇ 21 ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ, ਜਿਸ ਬਾਰੇ ਵੱਖਰਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਕੱਥੂਨੰਗਲ ਅਤੇ ਦਸੂਹਾ ਤੋਂ ਇੱਕ ਆਈ-20 ਕਾਰ ਅਤੇ ਇੱਕ ਮੋਟਰ ਸਾਈਕਲ ਖੋਹਣ ਦੇ ਕੇਸ ਵਿੱਚ ਸ਼ਾਮਲ ਪਾਇਆ ਗਿਆ ਹੈ। ਦੋਸ਼ੀ ਜਗਮੀਤ ਸਿੰਘ ਤੇ ਲਵਪ੍ਰੀਤ ਸਿੰਘ ਪਿੰਡ ਢਿਲਵਾਂ, ਜ਼ਿਲਾ ਬਟਾਲਾ ਦੇ ਸਾਬਕਾ ਸਰਪੰਚ ਦਲਬੀਰ ਸਿੰਘ ਦੇ ਕਤਲ ਕੇਸ ਵਿੱਚ ਵੀ ਲੋੜੀਂਦੇ ਸਨ।

# ਪੰਚਾਇਤ ਵਿਭਾਗ ਵੱਲੋਂ ਵਿਦੇਸ਼ਾਂ ਵਿੱਚੋਂ ਆਏ ਵਿਅਕਤੀਆਂ ਦੇ ਵੇਰਵੇ ਮੁਕੰਮਲ

ਮੋਹਾਲੀ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਪੰਚਾਇਤ ਵਿਭਾਗ ਵੱਲੋਂ 15 ਫ਼ਰਵਰੀ ਤੋਂ ਬਾਅਦ ਰਾਜ ਦੇ ਪਿੰਡਾਂ ਵਿੱਚ ਵਿਦੇਸ਼ਾਂ ਵਿੱਚੋਂ ਆਏ ਵਿਅਕਤੀਆਂ ਬਾਰੇ ਜਾਣਕਾਰੀ ਮੁਕੰਮਲ ਕਰ ਲਈ ਗਈ ਹੈ। ਵਿਭਾਗ ਦੇ ਡਾਇਰੈਕਟਰ ਡੀਪੀਐਸ ਖਰਬੰਦਾ ਨੇ ਦੱਸਿਆ ਕਿ ਇਸ ਸਬੰਧੀ ਸੂਚੀਆਂ ਰਾਜ ਦੇ ਡਿਪਟੀ ਕਮਿਸ਼ਨਰਾਂ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੀਆਂ ਗਈਆਂ ਹਨ। ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਵੱਲੋਂ ਪਿੰਡ ਪੱਧਰ 'ਤੇ ਸਰਪੰਚਾਂ ਰਾਹੀਂ ਵਿਦੇਸ਼ੀਆਂ ਸਬੰਧੀ ਪ੍ਰਾਪਤ ਕੀਤੇ ਅੰਕੜਿਆਂ ਵਿੱਚ ਰਾਜ ਦੀਆਂ 13265 ਪੰਚਾਇਤਾਂ ਵਿੱਚੋਂ 5826 ਵਿੱਚ 25351 ਵਿਅਕਤੀ ਵਿਦੇਸ਼ ਤੋਂ ਆਏ ਹਨ। 7439 ਪਿੰਡਾਂ ਦੀਆਂ ਪੰਚਾਇਤਾਂ ਵਿੱਚ ਕੋਈ ਵਿਅਕਤੀ ਵਿਦੇਸ਼ ਵਿੱਚੋਂ ਨਹੀਂ ਆਇਆ। ਵਿਭਾਗੀ ਅੰਕੜਿਆਂ ਅਨੁਸਾਰ 12000 ਤੋਂ ਵੱਧ ਵਿਅਕਤੀਆਂ ਨੇ ਇਕਾਂਤਵਾਸ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ। ਪੰਚਾਇਤ ਵਿਭਾਗ ਵੱਲੋਂ ਪਿੰਡਾਂ ਵਿੱਚੋਂ ਇਕੱਤਰ ਜਾਣਕਾਰੀ ਅਨੁਸਾਰ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ 4170 ਵਿਅਕਤੀ ਅਤੇ ਫ਼ਾਜ਼ਿਲਕਾ ਵਿੱਚ ਸਭ ਤੋਂ ਘੱਟ 118 ਵਿਅਕਤੀ ਵਿਦੇਸ਼ੋਂ ਆਏ। ਜਲੰਧਰ ਜ਼ਿਲ੍ਹੇ ਵਿੱਚ 3374, ਲੁਧਿਆਣਾ ਵਿੱਚ 2498, ਅੰਮ੍ਰਿਤਸਰ ਵਿੱਚ 1434, ਬਰਨਾਲਾ ਵਿੱਚ 341, ਬਠਿੰਡਾ ਵਿੱਚ 574, ਫਰੀਦਕੋਟ ਵਿੱਚ 432, ਫ਼ਤਹਿਗੜ੍ਹ ਸਾਹਿਬ ਵਿੱਚ 383, ਫਿਰੋਜ਼ਪੁਰ ਵਿੱਚ 588, ਗੁਰਦਾਸਪੁਰ ਵਿੱਚ 2572, ਜਲੰਧਰ ਵਿੱਚ 3374, ਕਪੂਰਥਲਾ ਵਿੱਚ 2014, ਲੁਧਿਆਣਾ ਵਿੱਚ 2498, ਮਾਨਸਾ ਵਿੱਚ 175, ਮੋਗਾ ਵਿੱਚ 1476, ਪਠਾਨਕੋਟ ਵਿੱਚ 183, ਪਟਿਆਲਾ ਵਿੱਚ 807, ਰੂਪਨਗਰ ਵਿੱਚ 1023, ਮੁਹਾਲੀ ਵਿੱਚ 164, ਸ਼ਹੀਦ ਭਗਤ ਸਿੰਘ ਨਗਰ ਵਿੱਚ 1313, ਸੰਗਰੂਰ ਵਿੱਚ 723, ਮੁਕਤਸਰ ਸਾਹਿਬ ਵਿੱਚ 265 ਅਤੇ ਤਰਨਤਾਰਨ ਵਿੱਚ 724 ਵਿਅਕਤੀਆਂ ਬਾਰੇ ਜਾਣਕਾਰੀ ਸਾਹਮਣੇ ਆਈ ਹੈ।

# ਬਠਿੰਡਾ ਵਿੱਚ ਇੱਕ ਹੋਰ ਸਾਬਕਾ ਅਕਾਲੀ ਕੌਂਸਲਰ ਵਿਰੁੱਧ ਪਰਚਾ ਦਰਜ




ਬਠਿੰਡਾ, 2 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਦੀ ਪੁਲਸ ਨੇ ਕੱਲ੍ਹ ਸ਼ਾਮ ਲਾਈਨ ਤੋਂ ਪਾਰ ਇਲਾਕੇ ਦੀ ਸਾਬਕਾ ਕੌਂਸਲਰ ਗੁਰਮੀਤ ਕੌਰ ਦੇ ਵਿਰੁੱਧ ਕਰਫਿਊ ਦੀ ਉਲੰਘਣਾ ਦਾ ਪਰਚਾ ਦਰਜ ਕੀਤਾ ਹੈ।

ਗੁਰਮੀਤ ਕੌਰ ਅਕਾਲੀ ਦਲ ਵੱਲੋਂ ਵਾਰਡ ਨੰਬਰ 49 ਤੋਂ ਕੌਂਸਲਰ ਰਹੀ ਹੈ। ਬਠਿੰਡਾ ਵਿੱਚ ਇੱਕ ਹਫਤੇ ਦੌਰਾਨ ਅਕਾਲੀ ਦਲ ਨਾਲ ਸੰਬੰਧਤ ਦੂਜੇ ਸਾਬਕਾ ਕੌਂਸਲਰ ਵਿਰੁੱਧ ਕਰਫਿਊ ਦੀ ਉਲੰਘਣਾ ਦਾ ਕੇਸ ਦਰਜ ਹੋਇਆ ਹੈ। ਇਸ ਤੋਂ ਪਹਿਲਾਂ ਪਿਛਲੇ ਹਫਤੇ ਇੱਕ ਸਾਬਕਾ ਅਕਾਲੀ ਕੌਂਸਲਰ ਹਰਜਿੰਦਰ ਦੇ ਵਿਰੁੱਧ ਵੀ ਸੋਸ਼ਲ ਮੀਡੀਆ ਉੱਤੇ ਕਰਫਿਊ 'ਚ ਢਿੱਲ ਦੇਣ ਦੀਆਂ ਅਫਵਾਹਾਂ ਫੈਲਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਸੀ। ਅਕਾਲੀ ਆਗੂਆਂ ਨੇ ਪਾਰਟੀ ਦੇ ਦੋਵਾਂ ਆਗੂਆਂ ਵਿਰੁੱਧ ਦਰਜ ਕੇਸ ਨੂੰ ਸਿਆਸਤ ਤੋਂ ਪ੍ਰੇਰਤ ਦੱਸਿਆ ਹੈ। ਦੂਜੇ ਪਾਸੇ ਸ਼ਹਿਰ ਦੀਆਂ ਕੁਝ ਸਮਾਜ ਸੇਵੀ ਸੰਸਥਾਵਾਂ ਨੇ ਪ੍ਰਸ਼ਾਸਨ ਉਪਰ ਸਿਆਸੀ ਸ਼ਹਿ ਉਤੇ ਲੰਗਰ ਤੇ ਹੋਰ ਸਮਾਜਕ ਕੰਮਾਂ 'ਚ ਲੱਗੀਆਂ ਸੰਸਥਾਵਾਂ ਦਾ ਮਨੋਬਲ ਤੋੜਨ ਲਈ ਦਬਾਅ ਪਾਉਣ ਦਾ ਦੋਸ਼ ਲਾਇਆ ਹੈ। ਪੰਜਾਬ ਭਾਜਪਾ ਦੇ ਸਕੱਤਰ ਸੁਖਪਾਲ ਸਿੰਘ ਸਰਾਂ ਨੇ ਕੱਲ੍ਹ ਕੁਝ ਸਮਾਜ ਸੇਵੀਆਂ ਤੇ ਸਾਬਕਾ ਅਕਾਲੀ ਕੌਂਸਲਰ ਗੁਰਮੀਤ ਕੌਰ ਨੂੰ ਨਾਲ ਲੈ ਕੇ ਇਸ ਬਾਰੇ ਪ੍ਰੈਸ ਕਾਨਫਰੰਸ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਅਪੀਲ ਕਰਨ ਦੇ ਬਾਵਜੂਦ ਪ੍ਰਸ਼ਾਸਨ ਨੇ ਬਹੁਤ ਘੱਟ ਪਾਸ ਜਾਰੀ ਕੀਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਜਾਂ ਪ੍ਰਸ਼ਾਸਨ ਹੋਰਨਾਂ ਸਮਾਜੀ ਸੰਸਥਾਵਾਂ ਨੂੰ ਕੋਈ ਮੌਕਾ ਨਹੀਂ ਦੇ ਰਹੇ ਤੇ ਨਾ ਕਿਸੇ ਹੋਰ ਕਿਸਮ ਦੀ ਮਦਦ ਦਿੱਤੀ ਜਾ ਰਹੀ ਹੈ, ਜਿਸ ਕਾਰਨ ਇਹ ਸੰਸਥਾਵਾਂ ਖੁਦ ਲੋਕਾਂ ਤੋਂ ਦਾਨ ਇਕੱਠਾ ਕਰ ਕੇ ਸੇਵਾ ਕਰਦੀਆਂ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਪ੍ਰਸ਼ਾਸਨ ਨੇ ਰਾਜਨੀਤਕ ਦਬਾਅ ਤੋਂ ਉਪਰ ਉਠ ਕੇ ਕੰਮ ਨਾ ਕੀਤਾ ਅਤੇ ਸੰਸਥਾਵਾਂ ਨੂੰ ਪ੍ਰੇਸ਼ਾਨ ਕੀਤਾ ਤਾਂ ਉਹ ਗਰੀਬਾਂ ਲਈ ਚੱਲਦੇ ਲੰਗਰ ਬੰਦ ਕਰਨ ਲਈ ਮਜਬੂਰ ਹੋਣਗੇ ਅਤੇ ਪੈਦਾ ਹੋਈ ਸਥਿਤੀ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।

# ਪੁਲਸ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੋ ਮਹੀਨੇ ਲਈ ਟਾਲੀ ਗਈ

ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਵਿੱਚ ਜਾਰੀ ਕਰਫਿਊ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 31 ਮਾਰਚ ਨੂੰ ਸੇਵਾ ਮੁਕਤ ਹੋਣ ਵਾਲੇ ਪੰਜਾਬ ਪੁਲਸ ਅਤੇ ਹੋਮ ਗਾਰਡਜ਼ ਦੇ ਮੁਲਾਜ਼ਮਾਂ ਦੇ ਸੇਵਾ ਕਾਲ ਵਿੱਚ ਦੋ ਮਹੀਨਿਆਂ ਦਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਅਤੇ ਕਰਫਿਊ ਦੀਆਂ ਬੰਦਸ਼ਾਂ ਹੇਠ ਕੰਮ ਕਰਨ ਵਿੱਚ ਜੁਟੇ 44,546 ਮੈਂਬਰਾਂ ਦੀ ਫੋਰਸ 'ਤੇ ਦਬਾਅ ਘਟਾਉਂਦੇ ਹੋਏ 1300 ਦੇ ਲਗੱਭਗ ਪੁਲਸ ਮੁਲਾਜ਼ਮਾਂ ਨੂੰ ਵੀ ਵੀ ਆਈ ਪੀਜ਼ ਡਿਊਟੀ ਤੋਂ ਵਾਪਸ ਸੱਦਿਆ ਗਿਆ ਹੈ, ਜਿਨ੍ਹਾਂ ਵਿੱਚ ਮੁੱਖ ਮੰਤਰੀ ਦੇ ਸੁਰੱਖਿਆ ਅਮਲੇ ਦੀ ਚੋਖੀ ਗਿਣਤੀ ਵੀ ਘਟਾਈ ਗਈ ਹੈ। ਇਹ ਮੁਲਾਜ਼ਮ ਕਰਫਿਊ ਨੂੰ ਲਾਗੂ ਕਰਨ ਲਈ ਫੀਲਡ ਵਿੱਚ ਤਾਇਨਾਤ ਕੀਤੇ ਜਾਣਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਉਨ੍ਹਾਂ (ਮੁੱਖ ਮੰਤਰੀ) ਸਮੇਤ ਸਾਰੇ ਵੀ ਵੀ ਆਈ ਪੀਜ਼ ਦੀ ਸੁਰੱਖਿਆ ਵਿੱਚ ਤਾਇਨਾਤ ਫੋਰਸ ਵਿੱਚੋਂ ਲੋੜ ਅਨੁਸਾਰ ਮੁਲਾਜ਼ਮ ਬੁਲਾਉਣ ਦਾ ਅਧਿਕਾਰ ਦਿੱਾ ਸੀ ਤਾਂ ਜੋ ਸੰਕਟ ਦੀ ਘੜੀ ਵਿੱਚ ਫੀਲਡ ਵਿੱਚ ਲਾਇਆ ਜਾ ਸਕੇ। ਮੁੱਖ ਮੰਤਰੀ ਨੇ ਆਦੇਸ਼ ਦਿੱਤੇ ਕਿ ਸੁਰੱਖਿਆ ਡਿਊਟੀ ਤੋਂ ਹਟਾ ਕੇ ਵੱਧ ਤੋਂ ਵੱਧ ਪੁਲਸ ਫੋਰਸ ਜੁਟਾਈ ਜਾਵੇ। ਇਸ ਦੌਰਾਨ ਜਾਰੀ ਨੋਟੀਫਿਕੇਸ਼ਨ ਮੁਤਾਬਕ ਸੇਵਾ ਮੁਕਤ ਹੋਣ ਵਾਲੇ ਪੁਲਸ ਮੁਲਾਜ਼ਮ ਅਤੇ ਪੰਜਾਬ ਹੋਮ ਗਾਰਡਜ਼ 31 ਮਈ ਤੱਕ ਕੰਮ ਕਰਦੇ ਰਹਿਣਗੇ। ਇਹ ਆਦੇਸ਼ ਉਨ੍ਹਾਂ ਅਫ਼ਸਰਾਂ ਤੇ ਮੁਲਾਜ਼ਮਾਂ 'ਤੇ ਵੀ ਲਾਗੂ ਹਨ, ਜਿਨ੍ਹਾਂ ਨੂੰ ਸੇਵਾ-ਮੁਕਤੀ ਦਾ ਹੁਕਮ ਮਿਲੇ ਸਨ। ਇਸ ਦੌਰਾਨ ਇਨ੍ਹਾਂ ਮੁਲਾਜ਼ਮਾਂ ਨੂੰ ਤਰੱਕੀ ਜਾਂ ਵਾਧੂ ਭੱਤਾ ਨਹੀਂ ਮਿਲੇਗਾ। ਡੀ ਜੀ ਪੀ ਗੁਪਤਾ ਨੇ ਦੱਸਿਆ ਕਿ ਹੋਰ ਫੋਰਸ ਵਾਪਸ ਲੈਣ ਦਾ ਫ਼ੈਸਲਾ ਸੰਕਟ ਨੂੰ ਦੇਖਦਿਆਂ ਸਾਰੀ ਸਥਿਤੀ ਦਾ ਮੁਲਾਂਕਣ ਕਰਨ ਮਗਰੋਂ ਹੋਵੇਗਾ।

# ਅਮਰੀਕਾ ਵਿੱਚ ਕੋਰੋਨਾ ਨਾਲ ਪਰਵਾਸੀ ਪੰਜਾਬੀ ਦੀ ਮੌਤ



ਮੁਕੇਰੀਆਂ, 2 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਵਿੱਚ ਰਹਿ ਰਹੇ ਨੇੜਲੇ ਪਿੰਡ ਮਨਸੂਰਪੁਰ ਦੇ ਇੱਕ ਵਿਅਕਤੀ ਦੀ ਕੋਰੋਨਾ ਵਾਇਰਸ ਨਾਲ ਮੌਤ ਹੋ ਗਈ ਹੈ, ਉਹ ਲਗੱਭਗ 25 ਸਾਲਾਂ ਤੋਂ ਉਥੇ ਰਹਿ ਰਿਹਾ ਸੀ ਅਤੇ ਦੋ ਸਾਲ ਪਹਿਲਾਂ ਹੀ ਉਸ ਦਾ ਪਰਵਾਰ ਪਿੰਡ ਪਰਤਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਪਰਮਜੀਤ ਸਿੰਘ ਮੁਲਤਾਨੀ ਪੁੱਤਰ ਮਹਾਂਵੀਰ ਸਿੰਘ ਮੁਲਤਾਨੀ ਪੁੱਤਰ ਮਹਾਂਵੀਰ ਸਿੰਘ ਵਾਸੀ ਮਨਸੂਰਪੁਰ ਪਿਛਲੇ ਲਗੱਭਗ 25 ਸਾਲ ਤੋਂ ਨਿਊਯਾਰਕ ਇਲਾਕੇ ਵਿੱਚ ਰਹਿ ਰਿਹਾ ਸੀ। ਕੰਮ ਦੌਰਾਨ ਪਰਮਜੀਤ ਸਿੰਘ ਪਿਛਲੇ ਦਿਨੀਂ ਕੋਰੋਨਾ ਵਾਇਰਸ ਦਾ ਸ਼ਿਕਾਰ ਹੋ ਗਿਆ ਅਤੇ ਪਿਛਲੇ ਦਿਨਾਂ ਤੋਂ ਬਿਮਾਰ ਚੱਲ ਰਿਹਾ ਸੀ। ਉਹ ਉਥੇ ਹਸਪਤਾਲ ਵਿੱਚ ਦਾਖਲ ਤੇ ਉਸ ਦੀ ਹਾਲਤ ਵਿੱਚ ਕੋਈ ਸੁਧਾਰ ਨਾ ਹੋ ਸਕਿਆ ਤੇ ਕੱਲ੍ਹ ਉਸ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਿਆ, ਜੋ ਦੋ ਸਾਲ ਪਹਿਲਾਂ ਪੰਜਾਬ ਪਰਤ ਆਏ ਸਨ।

# ਐਨ ਆਰ ਆਈ ਦੇ ਏ ਟੀ ਐਮ ਵਿੱਚੋਂ ਦੋ ਲੱਖ ਕਢਵਾਏ ਗਏ

ਰਾਹੋਂ, 2 ਅਪ੍ਰੈਲ (ਪੋਸਟ ਬਿਊਰੋ)- ਕੁਝ ਠੱਗਾਂ ਵੱਲੋਂ ਪਿੰਡ ਉਸਮਾਨਪੁਰ ਦੇ ਇੱਕ ਐਨ ਆਰ ਆਈ ਦੇ ਖਾਤੇ ਵਿੱਚੋਂ ਏ ਟੀ ਐਮ ਰਾਹੀਂ ਦੋ ਲੱਖ ਰੁਪਏ ਕਢਵਾਉਣ ਦਾ ਸਮਾਚਾਰ ਮਿਲਿਆ ਹੈ। ਐਨ ਆਰ ਆਈ ਸੇਵਾ ਸਿੰਘ ਪੱਤਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪੀ ਐਨ ਬੀ ਬਰਾਂਚ ਰਾਹੋਂ ਵਿਖੇ ਖਾਤਾ ਚੱਲ ਰਿਹਾ ਹੈ। ਉਸ ਨੇ ਏ ਟੀ ਐਮ ਕਾਰਡ ਬੰਦ ਹੋਣ ਕਰਕੇ ਤਿੰਨ ਮਾਰਚ ਨੂੰ ਨਵਾਂ ਏ ਟੀ ਐਮ ਜਾਰੀ ਕਰਵਾਇਆ ਸੀ। ਜਦੋਂ ਉਨ੍ਹਾਂ ਨੇ 18 ਮਾਰਚ ਨੂੰ ਐਸ ਬੀ ਆਈ ਰਾਹੋਂ ਬੱਸ ਸਟੈਂਡ ਉੱਤੇ ਏ ਟੀ ਐਮ ਤੋਂ ਪੈਸੇ ਕਢਵਾਉਣੇ ਚਾਹੇ ਤਾਂ ਨਿਕਲ ਨਹੀਂ ਰਹੇ ਸਨ। ਇਨੀ ਦੇਰ ਨੂੰ ਦੋ ਵਿਅਕਤੀ ਉਥੇ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਪੰਜ-ਪੰਜ ਹਜ਼ਾਰ ਕਰਕੇ ਕਢਵਾਓ ਤੇ ਉਸ ਨੇ ਪੰਜ-ਪੰਜ ਹਜ਼ਾਰ ਕਰਕੇ ਪੈਸੇ ਕਢਵਾ ਲਏ। ਇਸ ਤੋਂ ਬਾਅਦ ਉਨ੍ਹਾਂ ਦੇ ਖਾਤੇ ਵਿੱਚੋਂ ਲਗਾਤਾਰ 28 ਮਾਰਚ ਤੱਕ ਰੋਜ਼ਾਨਾ ਪੈਸੇ ਨਿਕਲਦੇ ਰਹੇ, ਪਰ ਇਸ ਦਾ ਓਦੋਂ ਪਤਾ ਲੱਗਾ, ਜਦੋਂ ਉਸ ਨੇ 29 ਮਾਰਚ ਨੂੰ ਪਿੰਡ ਜਾਡਲਾ ਦੇ ਏ ਟੀ ਐਮ ਵਿੱਚੋਂ ਪੈਸੇ ਕਢਵਾਉਣੇ ਚਾਹੇ, ਪਰ ਉਹ ਪੈਸੇ ਕਢਵਾਉਣ ਵਿੱਚ ਨਾਕਾਮ ਰਿਹਾ। ਆਪਣੇ ਮੋਬਾਈਲ 'ਤੇ ਆਏ ਮੈਸੇਜ ਚੈੱਕ ਕੀਤੇ ਤਾਂ ਪਤਾ ਲੱਗਾ ਕਿ ਉਹ ਲੁਟਿਆ ਗਿਆ। ਉਸ ਨੇ ਆਪਣੇ ਬੈਂਕ ਪੀ ਐਨ ਬੀ ਰਾਹੋਂ ਦੇ ਬਰਾਂਚ ਮੈਨੇਜਰ ਨਾਲ ਗੱਲ ਕੀਤੀ ਤੇ ਆਪਣੇ ਖਾਤੇ ਦੀ ਸਟੇਟਮੈਂਟ ਲਈ ਤਾਂ ਪਤਾ ਲੱਗਾ ਕਿ ਉਸ ਦੇ ਖਾਤੇ ਵਿੱਚ ਦੋ ਲੱਖ ਕਢਵਾ ਲਏ ਗਏ ਹਨ। ਪੈਸੇ ਕਢਵਾਉਣ ਵਾਲਿਆਂ ਨੇ ਬਿਨਾਂ ਏ ਟੀ ਐਮ ਤੋਂ ਪੰਜਾਬ ਤੇ ਹਰਿਆਣਾ ਦੇ ਕਈ ਸ਼ਹਿਰਾਂ ਲੰਬਾ ਪਿੰਡ, ਹੰਸ ਪੁਰ ਅਰਬਨ ਸਟੇਟ ਜਲੰਧਰ, ਬਰਵਾਲਾ ਨਿਊ ਗਰੀਨ ਮਾਰਕੀਟ ਆਦਿ ਬਰਾਂਚਾਂ ਦੇ ਏ ਟੀ ਐਮ ਤੋਂ ਦੱਸ-ਦੱਸ ਹਜ਼ਾਰ ਅਤੇ ਪੰਜ-ਪੰਜ ਹਜ਼ਾਰ ਕਰਕੇ ਕਢਵਾਏ ਹੋਏ ਸਨ।



# ਘੱਟ ਗਿਣਤੀ ਕਮਿਸ਼ਨ ਵੱਲੋਂ ਹਦਾਇਤ, ਮਦਰੱਸਿਆਂ ਅਤੇ ਧਾਰਮਿਕ ਸਥਾਨਾਂ ਵਿੱਚ ਲਾਕਡਾਊਨ ਦੀ ਸਖਤੀ ਨਾਲ ਪਾਲਣਾ ਕਰਾਊਣ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਘੱਟ ਗਿਣਤੀ ਕਮਿਸ਼ਨ ਨੇ ਦਿੱਲੀ ਵਿੱਚ ਤਬਲੀਗੀ ਜਮਾਤ ਵਾਲੇ ਧਾਰਮਿਕ ਇਕੱਠ ਨੂੰ ਕੋਰੋਨਾ ਸੰਕਟ ਵਿਰੋਧੀ ਯਤਨਾਂ ਨੂੰ ਨੁਕਸਾਨ ਪੁਚਾਉਣ ਵਾਲਾ ਮੰਨਦੇ ਹੋਏ ਕੱਲ੍ਹ ਸਾਰੀਆਂ ਸਰਕਾਰਾਂ ਨੂੰ ਕਿਹਾ ਕਿ ਉਹ ਮਦਰੱਸਿਆਂ ਅਤੇ ਧਾਰਮਿਕ ਸਥਾਨਾਂ ਵਿੱਚ ਲਾਕਡਾਊਨ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਵਾਉਣ। ਕਮਿਸ਼ਨ ਦੇ ਪ੍ਰਧਾਨ ਸਈਦ ਗਯੂਰੂਲ ਹਸਨ ਰਿਜ਼ਵੀ ਨੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਭੇਜੀ ਈ-ਮੇਲ ਵਿੱਚ ਇਹ ਵੀ ਕਿਹਾ ਕਿ ਭਵਿੱਖ ਵਿੱਚ ਤਬਲੀਗੀ ਜਮਾਤ ਵਰਗੀ ਕੋਈ ਘਟਨਾ ਰੋਕਣ ਲਈ ਤੁਰੰਤ ਕਦਮ ਉਠਾਏ ਜਾਣ ਅਤੇ ਪੂਰੀ ਸਖਤੀ ਕੀਤੀ ਜਾਵੇ।





ਇਸ ਸੰਬੰਧ ਵਿਚ ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਸਈਦ ਗਯੂਰੂਲ ਹਸਨ ਰਿਜ਼ਵੀ ਨੇ ਕਿਹਾ ਕਿ ਦਿੱਲੀ ਦੀ ਘਟਨਾ ਨੇ ਨਾਗਰਿਕਾਂ ਦੇ ਜੀਵਨ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੱਦੇਨਜ਼ਰ ਤੁਹਾਨੂੰ ਅਪੀਲ ਕੀਤੀ ਜਾਂਦੀ ਹੈ ਕਿ ਮਦਰੱਸਿਆਂ ਤੇ ਧਾਰਮਿਕ ਅਸਥਾਨਾਂ ਵਿੱਚ ਲਾਕਡਾਊਨ ਦੀ ਸਖਤੀ ਨਾਲ ਪਾਲਣਾ ਕਰਾਈ ਜਾਵੇ ਤੇ ਅਜਿਹੇ ਕਿਸੇ ਵੀ ਸਥਾਨ 'ਤੇ ਭੀੜ ਇਕੱਠੀ ਹੋਣ ਤੋਂ ਰੋਕੀ ਜਾਵੇ। ਉਨ੍ਹਾਂ ਕਿਹਾ ਕਿ ਲਾਕਡਾਊਨ 'ਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਬਾਰੇ ਜਾਗਰੂਕਤਾ ਲਈ ਸਥਾਨਕ ਧਰਮ ਗੁਰੂਆਂ ਦੀ ਮਦਦ ਵੀ ਲਈ ਜਾਵੇ।

## ਪਾਕਿ ਕ੍ਰਿਕਟ ਉੱਤੇ ਵੀ ਤਬਲੀਗੀ ਜਮਾਤ ਦਾ ਪਰਛਾਵਾਂ ਰਿਹੈ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਅੱਤਵਾਦ ਅਤੇ ਮੈਚ ਫਿਕਸਿੰਗ ਨਾਲ ਪਾਕਿਸਤਾਨ ਦਾ ਅਕਸ ਵਿਸ਼ਵ ਕ੍ਰਿਕਟ 'ਚ ਖ਼ਰਾਬ ਤਾਂ ਹੋਇਆ ਹੀ ਸੀ, ਇੱਕ ਅਜਿਹੀ ਚੀਜ਼ ਹੈ ਜਿਸ ਬਾਰੇ ਬਹੁਤੇ ਲੋਕ ਅਣਜਾਣ ਹਨ ਤੇ ਉਹ ਹੈ ਤਬਦੀਗੀ ਜਮਾਤ। ਭਾਰਤ 'ਚ ਇਸ ਸਮੇਂ ਤਬਦੀਗੀ ਜਮਾਤ ਚਰਚਾ 'ਚ ਹੈ ਪਰ ਪਾਕਿਸਤਾਨੀ ਕ੍ਰਿਕਟ ਕਾਫੀ ਸਮੇਂ ਤੋਂ ਇਸ ਜਮਾਤ ਦੇ ਪਰਛਾਵੇਂ ਹੇਠ ਹੈ। ਪਾਕਿਸਤਾਨੀ ਮੀਡੀਆ 'ਚ ਇਸ ਬਾਰੇ ਕਈ ਲੇਖ ਲਿਖੇ ਗਏ ਹਨ।

ਪਾਕਿਸਤਾਨੀ ਮੀਡੀਆ ਮੁਤਾਬਕ ਉਨ੍ਹਾਂ ਦੀ ਕ੍ਰਿਕਟ ਟੀਮ 'ਚ ਤਬਲੀਗੀ ਜਮਾਤ ਦੇ ਕਾਇਦੇ-ਕਾਨੂੰਨ ਦੀ ਐਂਟਰੀ ਸਾਬਕਾ ਪਾਕਿਸਤਾਨੀ ਬੱਲੇਬਾਜ਼ ਇੰਜ਼ਮਾਮ-ਉਲ-ਹੱਕ ਤੋਂ ਹੋਈ ਸੀ। ਇੰਜਮਾਮ ਨੇ ਆਪਣੀ ਕਪਤਾਨੀ ਦੌਰਾਨ ਹੀ ਨਹੀਂ, ਸੰਨਿਆਸ ਤੋਂ ਬਾਅਦ ਚੋਣਕਰਤਾ ਬਣਨ ਵੇਲੇ ਵੀ ਇਸ ਜਮਾਤ 'ਚ ਕੌਮੀ ਟੀਮ ਦੇ ਕ੍ਰਿਕਟਰਾਂ ਦੀ ਭਰਤੀ ਕਰਵਾਈ। ਇਸ ਸਮੇਂ ਪਾਕਿਸਤਾਨ ਕ੍ਰਿਕਟ ਟੀਮ ਦੇ ਕੌਮੀ ਚੋਣਕਰਤਾ ਮਿਸਬਾਹ-ਉਲ-ਹੱਕ ਵੀ ਤਬਲੀਗੀ ਜਮਾਤ ਨਾਲ ਜੁੜੇ ਹਨ ਜਦੋਂ ਕਿ ਇੰਜ਼ਮਾਮ-ਉਲ-ਹੱਕ ਇਸਲਾਮਿਕ ਮਿਸ਼ਨਰੀ ਸੰਗਠਨ ਤਬਲੀਗੀ ਜਮਾਤ ਦੇ ਮੁੱਖ ਮੈਂਬਰ ਸਨ। ਤਬਲੀਗੀ ਜਮਾਤ ਲਈ ਤਿਆਰ ਨਾ ਹੋਣ ਕਾਰਨ ਸ਼ੋਇਬ ਅਖ਼ਤਰ, ਯੂਨਿਸ ਖ਼ਾਨ ਅਤੇ ਅਬਦੁਲ ਰਜ਼ਾਕ ਨੂੰ ਕੌਮੀ ਟੀਮ 'ਚ ਜਗ੍ਹਾ ਬਣਾਉਣ ਲਈ ਖੱਜਲ ਹੋਣਾ ਪਿਆ ਸੀ। ਇੱਕ ਪਾਕਿਸਤਾਨੀ ਅਖ਼ਬਾਰ ਦੀ ਰਿਪੋਰਟ ਮੁਤਾਬਕ ਇੰਜ਼ਮਾਮ-ਉਲ-ਹੱਕ ਚੋਣ ਕਮੇਟੀ 'ਚ ਆਉਣ ਤੋਂ ਬਾਅਦ 2017 ਟੀ-20 ਚੈਂਪੀਅਨ ਟਰਾਫੀ ਲਈ ਜਿਸ ਹਿਸਾਬ ਨਾਲ ਟੀਮ ਦੀ ਚੋਣ ਕਰ ਰਹੇ ਸਨ, ਉਸ ਤੋਂ ਲੱਗਦਾ ਸੀ ਕਿ ਉਹ ਕ੍ਰਿਕਟ ਟੀਮ ਨਹੀਂ, ਮਸਜਿਦ ਲਿਜਾਣ ਲਈ ਜਮਾਤ ਦੀ ਚੋਣ ਕਰ ਰਹੇ ਹੋਣ। 2016 'ਚ ਉਨ੍ਹਾਂ ਨੂੰ ਪਾਕਿਸਤਾਨ ਦੀ ਕੌਮੀ ਟੀਮ ਮੁੱਖ ਚੋਣਕਰਤਾ ਚੁਣਿਆ ਗਿਆ ਸੀ। ਇੰਗਲੈਂਡ 'ਚ ਪਿਛਲੇ ਸਾਲ ਹੋਏ ਵਿਸ਼ਵ ਕੱਪ ਵੇਲੇ ਵੀ ਪਾਕਿਸਤਾਨ ਦੀ ਚੋਣ ਕਮੇਟੀ ਦੇ ਮੁਖੀ ਇੰਜ਼ਮਾਮ ਸਨ। ਉਹ ਜਦੋਂ ਇੰਗਲੈਂਡ 'ਚ ਕੁਰਤਾ-ਪੈਜਾਮਾ ਪਾ ਕੇ ਵੱਡੀ ਦਾੜ੍ਹੀ ਨਾਲ ਟੀਮ ਦੇ ਪੈਕਟਿਸ ਸੈਸ਼ਨ 'ਚ ਗਏ ਤਾਂ ਕਈ ਵਿਦੇਸ਼ੀ ਪੱਤਰਕਾਰਾਂ ਨੂੰ ਲੱਗਾ ਕਿ ਇਹ ਮੌਲਾਨਾ ਇਥੇ ਕੀ ਕਰ ਰਿਹਾ ਹੈ। ਬਾਅਦ 'ਚ ਪਤਾ ਲੱਗਾ ਕਿ ਉਹ ਇੰਜ਼ਮਾਮ ਹਨ। ਇਸ ਵਿਸ਼ਵ ਕੱਪ 'ਚ ਪਾਕਿਸਤਾਨੀ ਟੀਮ ਬੁਰੀ ਤਰ੍ਹਾਂ ਹਾਰੀ, ਖਾਸ ਤੌਰ 'ਤੇ ਭਾਰਤ ਤੋਂ ਹਾਰ ਤੋਂ ਬਾਅਦ ਉਸ ਦੀ ਤੇ ਉਸ ਦੇ ਕਪਤਾਨ ਸਰਫਰਾਜ ਅਹਿਮਦ ਦੀ ਬੜੀ ਅਲੋਚਨਾ ਹੋਈ। ਇਸ ਤੋਂ ਬਾਅਦ ਸਰਫਰਾਜ ਨੇ ਆਪਣੇ ਟਵਿਟਰ ਪ੍ਰੋਫਾਈਲ 'ਚ ਖ਼ੁਦ ਨੂੰ ਹਾਫਿਜ਼-ਏ-ਕੁਰਾਨ ਤੇ ਕ੍ਰਿਕਟਰ ਲਿਖਿਆ। ਹਾਫਿਜ਼-ਏ-ਕੁਰਾਨ ਦਾ ਮਤਲਬ ਹੈ ਕਿ ਜੋ ਬਿਨਾਂ ਦੇਖੇ ਪੂਰੀ ਕੁਰਾਨ ਦਾ ਜ਼ਿਕਰ ਕਰ ਸਕਦਾ ਹੈ। ਇੰਜਮਾਮ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਪਹਿਲਾਂ ਹੀ ਜਮਾਤ ਵੱਲ ਜਾਣ ਲੱਗੇ ਸਨ। ਉਨ੍ਹਾਂ ਦਾ ਬਹੁਤਾ ਸਮਾਂ ਇਬਾਦਤ, ਮਸਜਿਦਾਂ ਤੇ ਜਮਾਤਾਂ 'ਚ ਬੀਤਿਆ। ਉਨ੍ਹਾਂ ਵੱਲ ਵੇਖ ਕੇ ਸਈਦ ਅਨਵਰ, ਮਿਸਬਾਹ-ਉਲ-ਹੱਕ ਤੇ ਮੁਹੰਮਦ ਯੂਸਫ ਵੀ ਜ਼ਿਆਦਾ ਸਮਾਂ ਜਮਾਤ 'ਚ ਬਿਤਾਉਣ ਲੱਗੇ। ਮਿਸਬਾਹ ਐਮ ਬੀ ਏ ਹਨ। ਵਰਨਣ ਯੋਗ ਹੈ ਕਿ ਯੂਸਫ ਪਹਿਲਾਂ ਈਸਾਈ ਸਨ ਅਤੇ ਮੁਸਲਮਾਨ ਬਣਨ ਤੋਂ ਬਾਅਦ ਉਹ ਜਮਾਤਾਂ ਦੀ ਸ਼ਾਨ ਬਣ ਗਏ। ਕਈ ਪਾਕਿਸਤਾਨੀ ਖੇਡ ਪੱਤਰਕਾਰਾਂ ਨੇ ਲਿਖਿਆ ਕਿ 1990 ਤੋਂ 2000 ਤੱਕ ਬੁਲੰਦੀ 'ਤੇ ਰਹਿਣ ਵਾਲੀ ਪਾਕਿਸਤਾਨੀ ਟੀਮ ਦਾ ਬੇੜਾ ਗਰਕ ਹੋਣ ਦਾ ਕਾਰਨ ਉਸ ਦਾ ਧਰਮ ਵੱਲ ਕੁਝ ਬਹੁਤਾ ਮੁੜ ਜਾਣਾ ਸੀ। ਟੀਮ ਇਸ ਹੱਦ ਤੱਕ ਗੁਆਚ ਗਈ ਕਿ ਉਸ ਨੂੰ ਇਹ ਤੱਕ ਨਹੀਂ ਦਿਸਿਆ ਕਿ ਉਹ ਕ੍ਰਿਕਟ ਜਿਸ ਨੇ ਉਸ ਨੂੰ ਵਿਸ਼ਵ 'ਚ ਪਛਾਣ ਦਿੱਤੀ ਸੀ, ਉਹ ਵੀ ਉਨ੍ਹਾਂ ਦੀਆਂ ਅੱਖਾਂ ਤੋਂ ਦੂਰ ਹੋ ਰਹੀ ਸੀ।

## ਕਾਬੁਲ ਦੇ ਗੁਰਦੁਆਰੇ ਉੱਤੇ ਹਮਲੇ ਦੀ ਜਾਂਚ ਵੀ ਭਾਰਤ ਦੀ ਐੱਨ ਆਈ ਏ ਕਰੇਗੀ




ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਕਾਬੁਲ ਦੇ ਗੁਰਦੁਆਰੇ ਵਿੱਚ ਹੋਏ ਅੱਤਵਾਦੀ ਹਮਲੇ ਦੀ ਜਾਂਚ ਦੇ ਸਿਲਸਿਲੇ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੇ ਕੱਲ੍ਹ ਕੇਸ ਦਰਜ ਕਰ ਲਿਆ ਹੈ।

ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ 25 ਮਾਰਚ ਨੂੰ ਹੋਏ ਇਸ ਹਮਲੇ ਵਿੱਚ 27 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਇੱਕ ਭਾਰਤੀ ਨਾਗਰਿਕ ਸ਼ਾਮਲ ਸੀ। ਐੱਨ ਆਈ ਏ ਨੇ ਦੇਸ਼ ਦੇ ਬਾਹਰ ਦੀ ਜਾਂਚ ਲਈ ਇਹ ਪਹਿਲਾ ਕੇਸ ਦਰਜ ਕੀਤਾ ਹੈ। ਅਗਸਤ 2019 ਤੋਂ ਲਾਗੂ ਹੋਏ ਐਨ ਆਈ ਏ ਸੋਧ ਨਿਯਮ ਦੇ ਮੁਤਾਬਕ ਏਜੰਸੀ ਦੇਸ਼ ਦੇ ਬਾਹਰ ਕਿਸੇ ਵੀ ਭਾਰਤੀ ਜਾਂ ਭਾਰਤੀਆਂ ਦੇ ਹਿੱਤਾਂ ਦੇ ਖਿਲਾਫ ਅਪਰਾਧ ਹੋਣ 'ਤੇ ਉਸ ਦੀ ਜਾਂਚ ਦੇ ਲਈ ਕੇਸ ਦਰਜ ਕਰ ਸਕਦੀ ਹੈ। ਐੱਨ ਆਈ ਏ ਨੇ ਇਸ ਕੇਸ ਵਿੱਚ ਭਾਰਤੀ ਨਾਗਰਿਕ ਦੀ ਹੱਤਿਆ ਦੇ ਨਾਲ ਹੀ ਅੱਤਵਾਦ ਵਿਰੋਧੀ ਕਾਨੂੰਨ ਅਤੇ ਮਿੱਤਰ ਦੇਸ਼ ਦੇ ਖਿਲਾਫ ਜੰਗ ਛੇੜਨ ਦਾ ਕੇਸ ਵੀ ਦਰਜ ਕੀਤਾ ਹੈ। ਕਾਬੁਲ ਦੇ ਸ਼ੋਰ ਬਾਜ਼ਾਰ ਦੇ ਗੁਰਦੁਆਰੇ 'ਤੇ 25 ਮਾਰਚ ਨੂੰ ਕੁਝ ਅਣਪਛਾਤੇ ਲੋਕਾਂ ਨੇ ਹਮਲਾ ਕੀਤਾ ਅਤੇ ਅੰਨ੍ਹੇਵਾਹ ਫਾਈਰਿੰਗ ਕਰਦੇ ਹੋਏ 27 ਸ਼ਰਧਾਲੂਆਂ ਦੀ ਜਾਨ ਲੈ ਲਈ ਅਤੇ ਕਈ ਜ਼ਖਮੀ ਕਰ ਦਿੱਤੇ ਸਨ।

## ਗੁਰਦੁਆਰਾ ਮਜਨੂੰ ਕਾ ਟਿੱਲਾ ਵਿੱਚੋਂ 200 ਤੋਂ ਵੱਧ ਪੰਜਾਬੀਆਂ ਨੂੰ ਇਕਾਂਤਵਾਸ ਭੇਜਿਆ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਤਾਲਾਬੰਦੀ ਕਾਰਨ ਪਿਛਲੇ 2-3 ਦਿਨਾਂ ਤੋਂ ਇਤਿਹਾਸਕ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਰਹਿ ਰਹੇ ਪੰਜਾਬ ਦੇ ਵਸਨੀਕਾਂ ਨੂੰ ਦਿੱਲੀ ਦੇ ਨਹਿਰੂ ਵਿਹਾਰ ਦੇ ਇੱਕ ਸਕੂਲ 'ਚ ਬਣਾਏ ਕੁਆਰੰਟਾਈਨ ਸੈਂਟਰ ਵਿਖੇ ਭੇਜਿਆ ਗਿਆ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਕੱਲ੍ਹ 300 ਦੇ ਕਰੀਬ ਲੋਕ ਹੋਣ ਦਾ ਦਾਅਵਾ ਕੀਤਾ ਸੀ, ਪਰ ਪ੍ਰਸ਼ਾਸਨ ਵੱਲੋਂ ਜਿਹੜੇ ਲੋਕਾਂ ਨੂੰ ਕੁਆਰੰਟਾਈਨ ਸੈਂਟਰ 'ਚ ਭੇਜਿਆ ਹੈ, ਉਨ੍ਹਾਂ ਦੀ ਗਿਣਤੀ 210 ਦੱਸੀ ਗਈ ਹੈ। ਇਨ੍ਹਾਂ ਚੋਂ ਕੋਈ ਕੋਰੋਨਾ ਪੀੜਤ ਹੈ ਜਾਂ ਨਹੀਂ, ਇਸ ਦੀ ਜਾਣਕਾਰੀ ਨਹੀਂ ਮਿਲੀ। ਇਹ ਲੋਕ ਪੰਜਾਬ ਨਾਲ ਸਬੰਧਿਤ ਹਨ, ਜਿਹੜੇ 24 ਮਾਰਚ ਨੂੰ ਤਾਲਬੰਦੀ ਹੋਣ ਪਿੱਛੋਂ ਦਿੱਲੀ-ਐਨ ਸੀ ਆਰ ਇਲਾਕੇ 'ਚ ਫਸ ਗਏ।

ਕੋਰੋਨਾ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਵਾਲ ਉੱਠ ਰਿਹਾ ਹੈ ਕਿ 200 ਤੋਂ ਵੱਧ ਸਿੱਖ ਪੰਜਾਬੀ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਕਿਵੇਂ ਇਕੱਠੇ ਹੋ ਗਏ। ਲਾਕਡਾਊਨ ਦੌਰਾਨ ਪੰਜਾਬ ਨਾਲ ਸਬੰਧਿਤ ਲੋਕ ਦਿੱਲੀ ਅਤੇ ਨੇੜਲੇ ਇਲਾਕਿਆਂ 'ਚ ਫਸੇ ਹੋਣ ਦੀਆਂ ਖਬਰਾਂ ਮਗਰੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਗੁਰਦੁਆਰਾ ਮਜਨੂੰ ਕਾ ਟਿੱਲਾ ਤੋਂ ਬੱਸਾਂ ਨਾਲ ਇਨ੍ਹਾਂ ਨੂੰ ਪੰਜਾਬ ਭੇਜਣ ਦੀ ਗੱਲ ਆਖੀ ਸੀ ਅਤੇ 29 ਮਾਰਚ ਨੂੰ ਕਮੇਟੀ ਪ੍ਰਬੰਧਕਾਂ ਨੇ ਜਾਣਕਾਰੀ ਦਿੱਤੀ ਸੀ ਕਿ ਦੋ ਬੱਸਾਂ ਨੂੰ ਮਜਨੂੰ ਕਾ ਟਿੱਲਾ ਤੋ ਪੰਜਾਬ ਭੇਜਿਆ ਗਿਆ ਹੈ । ਇਸ ਦੇ ਨਾਲ ਲੋੜ ਮੁਤਾਬਕ ਹੋਰ ਬੱਸਾਂ ਭੇਜਣ ਦਾ ਦਾਅਵਾ ਵੀ ਕੀਤਾ ਸੀ ਤੇ ਪੰਜਾਬ ਜਾਣ ਵਾਲੀ ਸੰਗਤ ਨੂੰ ਗੁਰਦੁਆਰਾ ਕਾ ਮਜਨੂੰ ਟਿੱਲਾ ਦੇ ਦਫ਼ਤਰ ਵਿਖੇ ਨਾਂਅ ਦਰਜ ਕਰਵਾਉਣ ਲਈ ਆਖਿਆ ਗਿਆ ਸੀ। ਦੱਸਿਆ ਗਿਆ ਹੈ ਕਿ ਕਮੇਟੀ ਪ੍ਰਬੰਧਕਾਂ ਦੀਆਂ ਅਪੀਲਾਂ ਦੇ ਕਾਰਨ ਵੱਡੀ ਗਿਣਤੀ 'ਚ ਪੰਜਾਬ ਜਾਣ ਵਾਲੇ ਲੋਕ ਗੁਰਦੁਆਰਾ ਮਜਨੂੰ ਟਿੱਲਾ ਪੁੱਜ ਗਏ, ਜਦਕਿ ਏਨੀ ਵੱਡੀ ਗਿਣਤੀ ਦਾ ਪ੍ਰਬੰਧਕਾਂ ਨੂੰ ਸ਼ਾਇਦ ਅੰਦਾਜ਼ਾ ਨਹੀਂ ਸੀ।

## ਚੀਨ ਦੀਆਂ ਟੈਸਟ ਕਿੱਟਾਂ ਵਿੱਚ ਖ਼ਾਮੀਆਂ ਨਿਕਲਣ ਪਿੱਛੋਂ ਭਾਰਤ ਨੇ ਖਰੀਦ ਸੂਚੀ ਤੋਂ ਕੱਟੀਆਂ



ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਭਾਰਤ ਸਰਕਾਰ ਜਲਦੀ ਹੀ ਚੀਨ ਨੂੰ ਨਿੱਜੀ ਸੁਰੱਖਿਆ ਜੰਤਰ (ਪੀ ਪੀ ਈ)- ਮਾਸਕ, ਆਈ ਗੇਅਰ, ਹੋਰ ਜ਼ਰੂਰੀ ਵਸਤਾਂ ਸਮੇਤ ਵੈਂਟੀਲੇਟਰ ਖਰੀਦਣ ਲਈ ਆਰਡਰ ਦੇਵੇਗੀ, ਪਰ ਕੁਝ ਦੇਸ਼ਾਂ ਵੱਲੋਂ ਪ੍ਰੀਖਣ ਕਿੱਟਸ (ਟੈਸਟਿੰਗ ਕਿੱਟਸ) ਵਿੱਚ ਖ਼ਾਮੀਆਂ ਨਿਕਲਣ ਪਿੱਛੋਂ ਇਸ ਖਰੀਦ ਦੀ ਇਸ ਸੂਚੀ ਵਿੱਚ ਚੀਨੀ ਪ੍ਰੀਖਣ ਕਿੱਟਸ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਚੀਨ ਵੱਲੋਂ ਸਪਲਾਈ ਕੀਤੀਆਂ ਪ੍ਰੀਖਣ ਕਿੱਟਾਂ ਨੂੰ ਸਪੇਨ, ਚੈਕ ਗਣਰਾਜ ਅਤੇ ਤੁਰਕੀ ਨੇ ਨੁਕਸਦਾਇਕ ਮੰਨਿਆ ਹੈ ਅਤੇ ਫਿਲੀਪੀਨਸ ਨੇ ਵੀ ਨੁਕਸਦਾਇਕ ਕਿੱਟ ਦੀ ਸੂਚਨਾ ਦਿੱਤੀ ਹੈ। ਸਪਨੇ ਦੇ ਸਿਹਤ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਪਿਛਲੇ ਸ਼ੁੱਕਰਵਾਰ ਇੱਕ ਚੀਨੀ ਕੰਪਨੀ ਨੇ ਹਜ਼ਾਰਾਂ ਨੁਕਸਦਾਇਕ ਪ੍ਰੀਖਣ ਕਿਟਾਂ ਨੂੰ ਬਦਲਣ ਦੀ ਪੇਸ਼ਕਸ਼ ਕੀਤੀ ਹੈ। ਸਪੇਨ ਦੇ ਸਿਹਤ ਮੰਤਰੀ ਸਲਵਾਡੋਰ ਇੱਲਾ ਦੇ ਅਨੁਸਾਰ 6,40,000 ਪ੍ਰੀਖਣ ਕਿੱਟਸ ਦੀ ਪਹਿਲੀ ਖੇਪ 'ਚ ਕਈ ਪ੍ਰੀਖਣ ਕਿੱਟਾਂ ਪੀੜਤ ਮਰੀਜ਼ਾਂ ਦੀ ਪੂਰੀ ਪਛਾਣ ਕਰਨ ਵਿੱਚ ਸਫਲ ਨਹੀਂ ਹੋ ਸਕੀਆਂ। ਪਿਛਲੇ ਵੀਰਵਾਰ ਸਪੇਨ ਨੇ 58,000 ਕਿੱਟਾਂ ਵਾਪਸ ਕਰਨ ਦਾ ਐਲਾਨ ਕੀਤਾ ਸੀ ਅਤੇ ਪਿਛਲੇ ਹਫਤੇ ਇਹ ਪਤਾ ਲੱਗਾ ਸੀ ਕਿ ਭਾਰਤ ਵੈਂਟੀਲੇਟਰਸ, ਐੱਨ-95 ਮਾਸਕ ਅਤੇ ਨਿੱਜੀ ਸੁਰੱਖਿਆ ਉਪਕਰਨਾਂ ਆਦਿ ਮੈਡੀਕਲ ਵਸਤਾਂ ਦੀ ਖਰੀਦ ਲਈ ਚੀਨ ਨਾਲ ਸੌਦਾ ਕਰ ਰਿਹਾ ਹੈ। ਇਹ ਭਾਰਤ ਦਾ ਦਬਾਅ ਘੱਟ ਕਰ ਸਕਦਾ ਹੈ ਕਿਉਂਕਿ ਇਹ ਕੋਰੋਨਾ ਵਾਇਰਸ ਵਰਗੀ ਮਹਾਮਾਰੀ ਨਾਲ ਨਜਿੱਠਣ ਲਈ ਤਿਆਰ ਹੈ। ਭਾਰਤ ਵਿੱਚ ਐੱਨ-95 ਮਾਸਕ ਅਤੇ ਨਿੱਜੀ ਸੁਰੱਖਿਆ ਉਪਕਰਨਾਂ (ਪੀ ਪੀ ਈ) ਬਣਾਉਣ ਨੂੰ ਭਾਰੀ ਧੱਕਾ ਲੱਗਾ, ਕਿਉਂਕਿ ਇਹ ਸਾਮਾਨ ਚੀਨ ਅਤੇ ਦੱਖਣ ਕੋਰੀਆ ਤੋਂ ਇੰਪੋਰਟ ਕੀਤੇ ਜਾਂਦੇ ਹਨ ਤੇ ਦੋਵਾਂ ਦੇਸ਼ਾਂ ਵਿੱਚ ਕੋਰੋਨਾ ਦੇ ਕਹਿਰ ਤੋਂ ਬਾਅਦ ਸਪਲਾਈ ਵਿੱਚ ਵੱਡੀ ਗਿਰਾਵਟ ਆਈ ਹੈ। ਕੱਲ੍ਹ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨਾਲ ਫੋਨ ਉਤੇ ਦੋਵਾਂ ਦੇਸ਼ਾਂ 'ਚ ਕੋਰੋਨਾ ਵਾਇਰਸ ਦੇ ਪ੍ਰਭਾਵ ਬਾਰੇ ਗੱਲਬਾਤ ਕੀਤੀ ਤਾਂ ਵਾਂਗ ਨੇ ਭਾਰਤ ਨੂੰ ਅਪੀਲ ਕੀਤੀ ਕਿ ਇਸ ਵਾਇਰਸ ਨੂੰ ਚਾਈਨੀਜ਼ ਬ੍ਰਾਂਡ ਨਾ ਕੀਤਾ ਜਾਵੇ, ਇਸ ਨਾਲ ਦੁਨੀਆ ਵਿੱਚ ਚੀਨ ਦਾ ਅਕਸ ਖਰਾਬ ਹੁੰਦਾ ਹੈ।

## ਮੁਸਲਿਮ ਭਾਈਚਾਰੇ ਨੇ ਸਿੱਖ ਆਗੂਆਂ ਨੂੰ ਲਿਖਿਆ ਪੱਤਰ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀਆਂ ਅਹਿਮ ਮੁਸਲਮਾਨ ਹਸਤੀਆਂ ਵੱਲੋਂ ਸਿੱਖ ਕੌਮ ਦੇ ਸਿਰਮੌਰ ਰਹਿਨੁਮਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰ ਸਮੂਹ ਸਿੱਖ ਆਗੂਆਂ ਤੇ ਸਿੱਖ ਸੰਗਤ ਨੂੰ ਸੰਬੋਧਨੀ ਪੱਤਰ ਵਿੱਚ ਅਫ਼ਗਾਨਿਸਤਾਨ ਵਿਚ 25 ਬੇਕਸੂਰ ਸਿੱਖਾਂ ਦੇ ਕਤਲ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਕਾਬੁਲ ਵਿਚ 25 ਮਾਰਚ ਨੂੰ ਗੁਰਦੁਆਰਾ ਸਾਹਿਬ ’ਤੇ ਹੋਏ ਅਪਰਾਧਕ ਹਮਲੇ ’ਚ 25 ਬੇਗੁਨਾਹ ਸਿੱਖ ਭਰਾਵਾਂ ਦੀ ਸ਼ਹਾਦਤ ਮੁਸਲਮਾਨ ਭਾਈਚਾਰੇ ਲਈ ਵੀ ਓਨੀ ਹੀ ਦੁਖਦਾਈ ਹੈ ਜਿੰਨੀ ਇਹ ਸਾਰੇ ਸਿੱਖ ਭਰਾਵਾਂ ਅਤੇ ਭੈਣਾਂ ਲਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅਪਰਾਧਕ ਕਾਰਜ ਦੀ ਸਖ਼ਤ ਨਿਖੇਧੀ ਕਰਦੇ ਹਨ। ਭਾਰਤੀ ਮੁਸਲਮਾਨਾਂ ਦੀ ਤਰਫੋਂ ਉਹ ਆਪਣੇ ਸਿੱਖ ਭਰਾਵਾਂ ਤੇ ਭੈਣਾਂ ਖ਼ਾਸ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸਾਹਿਬ ਅਕਾਲ ਤਖ਼ਤ ਅੰਮ੍ਰਿਤਸਰ ਤੇ ਸਮੂਹ ਸਿੱਖ ਲੀਡਰਸ਼ਿਪ ਅਤੇ ਆਮ ਜਨਤਾ ਪ੍ਰਤੀ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਨ। ਆਗੂਆਂ ਨੇ ਕਿਹਾ ਕਿ ਉਹ ਆਪਣੇ ਸਿੱਖ ਭਰਾਵਾਂ ਅਤੇ ਭੈਣਾਂ ਨੂੰ ਇਹ ਵੀ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਅਪਰਾਧੀਆਂ ਦਾ ਇਸਲਾਮ ਤੇ ਮੁਸਲਮਾਨਾਂ ਨਾਲ ਕੋਈ ਸਬੰਧ ਨਹੀਂ ਹੈ। ਪੱਤਰ ਮੁਤਾਬਕ ਉਹ ਆਪਣੇ ਸਿੱਖ ਭਰਾਵਾਂ ਅਤੇ ਭੈਣਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਕਾਬੁਲ ਦੇ ਸਿੱਖ ਗੁਰਦੁਆਰੇ ’ਤੇ ਹਮਲੇ ਕਰਨ ਵਾਲੇ ਆਈਐਸਆਈਐਸ ਦੇ ਅਪਰਾਧੀਆਂ ਦਾ ਇਸਲਾਮ ਅਤੇ ਮੁਸਲਮਾਨਾਂ ਨਾਲ ਕੋਈ ਸਬੰਧ ਨਹੀਂ ਹੈ। ਉਹ ਖਵਾਰਿਜ (ਨਾਮਨਜ਼ੂਰ) ਇਕ ਅਜਿਹੀ ਸੋਚ ਵਿਚ ਵਿਸ਼ਵਾਸ ਕਰਦੇ ਹਨ ਜਿਸ ਨੂੰ ਮੁਸਲਮਾਨਾਂ ਨੇ ਕਦੇ ਸਵੀਕਾਰ ਨਹੀਂ ਕੀਤਾ।

## ਮੱਕੇ ਤੋਂ ਮੁੜੇ 35 ਜਣਿਆਂ ਵਿਰੁੱਧ ਘਰਾਂ ਵਿੱਚ ਨਾ ਰਹਿਣ ਕਾਰਨ ਕੇਸ ਦਰਜ



ਪੀਲੀਭੀਤ, 2 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਪੀਲੀਭੀਤ ਵਿੱਚ ਮੱਕਾ ਤੋਂ ਮੁੜੇ ਦੋ ਵਿਅਕਤੀਆਂ ਦੇ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਮਗਰੋਂ ਪੁਲਸ ਨੇ ਮੱਕਾ ਤੋਂ ਮੁੜੇ 35 ਜਣਿਆਂ ਦੇ ਵਿਰੁੱਧ ਘਰਾਂ ਵਿੱਚ ਰਹਿਣ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਡਿਪਟੀ ਕਮਿਸ਼ਨਰ ਵੈਭਵ ਸ਼੍ਰੀਵਾਸਤਵ ਨੇ ਦੱਸਿਆ ਕਿ ਥਾਣਾ ਅਮਰੀਆ ਖੇਤਰ ਦੇ ਵਾਸੀ 35 ਜਣੇ 25 ਫਰਵਰੀ ਨੂੰ ਉਮਰਾ ਕਰਨ ਲਈ ਸਾਊਦੀ ਅਰਬ ਗਏ ਸਨ। ਸਾਰਿਆਂ ਦੀ 20 ਮਾਰਚ ਨੂੰ ਵਤਨ ਵਾਪਸੀ ਹੋਈ ਸੀ। ਉਮਰਾ ਕਰਨ ਵਾਲੇ ਸਾਰੇ ਯਾਤਰੀ ਹਵਾਈ ਜਹਾਜ਼ ਰਾਹੀਂ ਮੁੰਬਈ ਪਹੁੰਚੇ ਸਨ ਅਤੇ ਉਥੋਂ ਜਾਂਚ ਮਗਰੋਂ ਉਨ੍ਹਾਂ ਦੀਆਂ ਬਾਹਾਂ 'ਤੇ ਕੋਰੋਨਾ ਵਾਇਰਸ ਦੇ ਸ਼ੱਕੀ ਹੋਣ ਦੀ ਮੋਹਰ ਲਾਈ ਗਈ ਸੀ। ਇਨ੍ਹਾਂ ਨੂੰ ਘਰਾਂ ਵਿੱਚ ਰਹਿਣ ਦੇ ਨਿਰਦੇਸ਼ ਦਿੱਤੇ ਗਏ ਸਨ। ਹਵਾਈ ਅੱਡੇ ਤੋਂ ਨਿਕਲਣ ਮਗਰੋਂ ਸਾਰਿਆਂ ਨੇ ਮੋਹਰ ਨੂੰ ਖਾਸ ਸਪਰੇਅ ਨਾਲ ਮਿਟਾ ਦਿੱਤਾ ਅਤੇ ਪੁਲਸ ਨੂੰ ਗੁੰਮਰਾਹ ਕਰਦੇ ਹੋਏ ਪੀਲੀਭੀਤ ਪਹੁੰਚ ਗਏ। ਇਥੇ ਇਨ੍ਹਾਂ ਦੀ ਮੁੜ ਜਾਂਚ ਹੋਣੀ ਸੀ, ਪਰ ਇਨ੍ਹਾਂ ਨਿਸ਼ਾਨ ਮਿਟਾ ਕੇ ਲੋਕਾਂ ਨੂੰ ਧੋਖਾ ਦਿੱਤਾ। ਬਾਅਦ ਵਿੱਚ ਇਨ੍ਹਾਂ ਵਿੱਚੋਂ ਇੱਕ ਔਰਤ ਅਤੇ ਉਸ ਦੇ ਬੇਟੇ ਦੇ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਤਾਂ ਸਾਰਿਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ।

ਭਾਰਤ ਸਰਕਾਰ ਨੇ ਕਿਹਾ:

## ਕੋਰੋਨਾ ਵਾਇਰਸ ਦੇ ਕੰਟਰੋਲ ਵਿੱਚ ਫਰਜ਼ੀ ਖਬਰਾਂ ਸਭ ਤੋਂ ਵੱਡਾ ਅੜਿੱਕਾ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਭਾਰਤ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਕੋਰੋਨਾ ਵਾਇਰਸ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਵੱਲੋਂ ਚੁੱਕੇ ਕਦਮਾਂ ਸਦਕਾ ਇਸ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ, ਪਰ ਇਸ ਸਮੇਂ ਫਰਜ਼ੀ ਖਬਰਾਂ ਇੱਕੋ-ਇੱਕ ਸਭ ਤੋਂ ਵੱਡਾ ਅੜਿੱਕਾ ਬਣੀਆਂ ਹੋਈਆਂ ਹਨ।




ਸੁਪਰੀਮ ਕੋਰਟ ਵਿੱਚ ਕੇਂਦਰ ਨੇ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਚੁੱਕੇ ਕਦਮਾਂ ਬਾਰੇ ਐਫੀਡੇਵਿਟ ਪੇਸ਼ ਕੀਤਾ ਹੈ, ਜਿਸ ਨਾਲ ਅਦਾਲਤ ਵਿੱਚ ਪੇਸ਼ ਸਟੇਟਸ ਰਿਪੋਰਟ ਵਿੱਚ ਸਰਕਾਰ ਨੇ ਕਿਹਾ ਕਿ ਉਸ ਨੇ ਜਾਂਚ ਦੀ ਸਮਰੱਥਾ ਵਧਾਈ ਹੈ ਅਤੇ ਮਹਾਮਾਰੀ ਨੂੰ ਦੇਸ਼ ਵਿੱਚ ਫੈਲਣ ਤੋਂ ਰੋਕਣ ਦੇ ਯਤਨਾਂ ਲਈ ਕਿਸੇ ਵੀ ਐਮਰਜੈਂਸੀ ਹਾਲਤ ਦਾ ਸਾਹਮਣਾ ਕਰਨ ਲਈ 40000 ਵੈਂਟੀਲੇਟਰ ਖਰੀਦਣ ਦਾ ਆਰਡਰ ਵੀ ਦਿੱਤਾ ਹੈ। ਇਸ ਰਿਪੋਰਟ ਮੁਤਾਬਕ ਚੁਣੌਤੀ ਦੇ ਮੁਕਾਬਲੇ ਵਿੱਚ ਸਭ ਤੋਂ ਵੱਡਾ ਅੜਿੱਕਾ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਚਲਾਈਆਂ ਜਾਂਦੀਆਂ ਫਰਜ਼ੀ ਖਬਰਾਂ ਜਾਂ ਅਜਿਹੀ ਸਮੱਗਰੀ ਹੈ ਜਿਹੜੀ ਲੋਕਾਂ ਅੰਦਰ ਡਰ ਅਤੇ ਦਹਿਸ਼ਤ ਪੈਦਾ ਕਰਨ ਦੇ ਸਮਰੱਥ ਹੈ।

ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਹ ਸਿਹਤ ਮੰਤਰਾਲੇ ਵਿੱਚ ਜਾਇੰਟ ਸੈਕਟਰੀ ਪੱਧਰ ਦੇ ਅਫਸਰ ਦੀ ਅਗਵਾਈ ਹੇਠ ਕਮੇਟੀ ਬਣਾਵੇਗੀ, ਜਿਸ ਵਿੱਚ ਡਾਕਟਰ ਸ਼ਾਮਲ ਕੀਤੇ ਜਾਣਗੇ ਜਿਹੜੇ ਨਾਗਰਿਕਾਂ ਦੇ ਹਰ ਸਵਾਲ ਦਾ ਜਵਾਬ ਦੇਣਗੇ ਅਤੇ ਕੋਰੋਨਾ ਬਾਰੇ ਸਹੀ ਤੇ ਅਸਲ ਤੱਥ ਪੇਸ਼ ਕਰਨਗੇ। ਕੇਂਦਰ ਨੇ 21 ਦਿਨਾਂ ਦੇ ਲਾਕਡਾਊਨ ਅਤੇ ਕੋਰੋਨਾ ਵਾਇਰਸ ਦੇ ਡਰ ਕਾਰਨ ਮਜ਼ਦੂਰਾਂ ਦੀ ਹਿਜਰਤ ਬਾਰੇ ਦੋ ਜਨਹਿਤ ਪਟੀਸ਼ਨਾਂ 'ਤੇ ਅਦਾਲਤ ਵੱਲੋਂ ਕੀਤੀ ਹਦਾਇਤ ਉੱਤੇ ਇਹ ਸਥਿਤੀ ਰਿਪੋਰਟ ਪੇਸ਼ ਕੀਤੀ ਹੈ। ਰਿਪੋਰਟ ਮੁਤਾਬਕ ਕੇਂਦਰ ਨੇ 22 ਮਾਰਚ ਤੋਂ ਸਭ ਅੰਤਰਰਾਸ਼ਟਰੀ ਉਡਾਣਾਂ ਬੰਦ ਕਰ ਦਿੱਤੀਆਂ ਸਨ ਅਤੇ ਯਾਤਰੀਆਂ ਦੀ ਥਰਮਲ ਸਕੈਨਿੰਗ ਸ਼ੁਰੂ ਕੀਤੀ ਅਤੇ ਹੋਰ ਕਈ ਉਪਾਅ ਕੀਤੇ।

## ਮੁਹੱਲਾ ਕਲੀਨਿਕ ਦਾ ਇਕ ਹੋਰ ਡਾਕਟਰ ਨਿਕਲਿਆ ਕਰੋਨਾ ਪਾਜ਼ੇਟਿਵ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਸਰਕਾਰ ਵੱਲੋਂ ਕਾਇਮ ਕੀਤੇ ਹੋਏ ਮੁਹੱਲਾ ਕਲੀਨਿਕਾਂ ਵਿੱਚ ਕਰੋਨਾ ਤੋਂ ਡਾਕਟਰ ਪ੍ਰਭਾਵਿਤ ਹੋਣ ਦਾ ਸਿਲਸਿਲਾ ਜਾਰੀ ਹੈ। ਅੱਜ ਇਕ ਹੋਰ ਅਜਿਹੇ ਕਲੀਨਿਕ ਵਿੱਚ ਕੰਮ ਕਰਦੇ ਡਾਕਟਰ ਕਰੋਨਾ ਵਾਇਰਸ ਤੋਂ ਪੀੜਤ ਪਾਇਆ ਗਿਆ। ਇਹ ਡਾਕਟਰ ਬਾਬਰਪੁਰ ਵਿੱਚ ਬਣਾਈ ਹੋਈ ਮੁਹੱਲਾ ਕਲੀਨਿਕ ਵਿੱਚ ਸੇਵਾਵਾਂ ਦੇ ਰਿਹਾ ਸੀ। ਉਸ ਡਾਕਟਰ ਨੂੰ ਕਰੋਨਾ ਦੀ ਪੁਸ਼ਟੀ ਹੋਣ ਮਗਰੋਂ ਹੁਣ ਉਸ ਡਾਕਟਰ ਕੋਲੋਂ 12 ਤੋਂ 20 ਮਾਰਚ ਦੌਰਾਨ ਦਵਾਈ ਲੈਣ ਜਾਂ ਸਲਾਹ ਲੈਣ ਪੁੱਜੇ ਲੋਕਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਅਜਿਹੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਘੱਟੋ-ਘੱਟ 15 ਦਿਨ ਪਰਿਵਾਰ ਤੋਂ ਇਕਾਂਤਵਾਸ ਵਿਖੇ ਰੱਖਣਾ ਪਵੇਗਾ। ਇਸ ਤੋਂ ਪਹਿਲਾਂ ਵੀ ਇਕ ਡਾਕਟਰ ਨੂੰ ਕਰੋਨਾ ਪੀੜਤ ਪਾਇਆ ਗਿਆ ਸੀ। ਮੁਹੱਲਾ ਕਲੀਨਿਕ ਦੇ ਡਾਕਟਰਾਂ ਵਿੱਚ ਕਰੋਨਾਵਾਇਰਸ ਹੋਣ ਦਾ ਇਹ ਦੂਜਾ ਮਾਮਲਾ ਹੈ ਜਿਸ ਕਰਕੇ ਡਾਕਟਰਾਂ ਵਿੱਚ ਵੀ ਹੁਣ ਸਹਿਮ ਹੈ। ਇਹ ਡਾਕਟਰ ਸਾਊਦੀ ਅਰਬ ਤੋਂ ਪਰਤੀ ਔਰਤ ਦੇ ਸੰਪਰਕ ਵਿਚ ਆਉਣ ਮਗਰੋਂ ਬਿਮਾਰ ਹੋਇਆ ਸੀ। ਉਹ ਔਰਤ ਦਿਲਸ਼ਾਦ ਗਾਰਡਨ ਵਿਖੇ ਸਾਊਦੀ ਅਰਬ ਤੋਂ ਆਈ ਸੀ ਜਿਸਕਰਕੇ ਉਸ ਇਲਾਕੇ ਨੂੰ ਵੀ ਕਿਟਾਣੂ ਮੁਕਤ ਕੀਤਾ ਗਿਆ ਸੀ।

## ਖ਼ਾਲੀ ਕੀਤੇ ਬਿਨਾਂ ਰਸੋਈ ਗੈਸ ਦੇ ਬੁੱਕ ਕਰਵਾਏ ਸਿਲੰਡਰ ਵਾਪਸ ਹੋਣ ਲੱਗੇ

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਐਲ ਪੀ ਜੀ (ਰਸੋਈ ਗੈਸ) ਦੀ ਸਿਲੰਡਰ ਬੁਕਿੰਗ ਬਾਰੇ ਨਵੇਂ ਕੇਸ ਸਾਹਮਣੇ ਆ ਰਹੇ ਹਨ। ਤੇਲ ਕੰਪਨੀਆਂ ਦੇ ਅਧਿਕਾਰੀਆਂ ਮੁਤਾਬਕ ਲਾਕਡਾਊਨ ਦੇ ਐਲਾਨ ਪਿੱਛੋਂ ਕਈ ਲੋਕਾਂ ਨੇ ਘਰ 'ਚ ਸਿਲੰਡਰ ਖਾਲੀ ਕੀਤੇ ਬਿਨਾਂ ਬੁਕਿੰਗ ਕਰਵਾ ਲਈ, ਪਰ ਡਲਿਵਰੀ ਪੁੱਜਣ ਉੱਤੇ ਸਿਲੰਡਰ ਵਾਪਸ ਭੇਜ ਰਹੇ ਹਨ।



ਗੈਸ ਸਿਲੰਡਰਾਂ ਦੀ ਵਿਕਰੀ ਦੀ ਜ਼ਿੰਮੇਵਾਰੀ ਸੰਭਾਲ ਰਹੇ ਇੱਕ ਅਧਿਕਾਰੀ ਨੇ ਨਾਂ ਨਾ ਦੱਸਣ ਦੀ ਸ਼ਰਤ 'ਤੇ ਕਿਹਾ, ‘ਸਾਡੇ ਡਲਿਵਰੀ ਬੁਆਏ ਬਿਨਾਂ ਸਿਲੰਡਰ ਦਿੱਤੇ ਵਾਪਸ ਲਿਆ ਰਹੇ ਹਨ, ਕਿਉਂਕਿ ਕਈ ਗਾਹਕਾਂ ਨੇ ਖਾਲੀ ਸਿਲੰਡਰ ਦੇ ਬਿਨਾਂ ਦੀ ਹਫੜਾ ਦਫੜੀ 'ਚ ਬੁਕਿੰਗ ਕਰ ਦਿੱਤੀ ਸੀ।' ਸੂਤਰਾਂ ਮੁਤਾਬਕ ਪਿਛਲੇ 15 ਤੋਂ 20 ਫ਼ੀਸਦੀ ਕੇਸਾਂ 'ਚ ਲੋਕਾਂ ਨੇ ਖਾਲੀ ਸਿਲੰਡਰ ਦੇ ਬਿਨਾਂ ਬੁਕਿੰਗ ਕਰ ਦਿੱਤੀ ਸੀ। ਇਸ ਕਾਰਨ ਇਹ ਸਿਲੰਡਰ ਵਾਪਸ ਲਿਆਉਣੇ ਪਏ ਹਨ। ਅਧਿਕਾਰੀ ਨੇ ਦੱਸਿਆ, ‘ਆਮ ਤੌਰ ਉੱਤੇ ਮਾਰਕੀਟਿੰਗ ਕੰਪਨੀਆਂ ਕੋਲ ਰੋਜ਼ ਕਰੀਬ 50 ਲੱਖ ਸਿਲੰਡਰ ਦੀ ਬੁਕਿੰਗ ਹੁੰਦੀ ਹੈ, ਪਰ ਪਿਛਲੇ ਹਫ਼ਤੇ ਇਹ ਅੰਕੜਾ ਕਰੀਬ 50 ਲੱਖ 'ਤੇ ਪੁੱਜ ਗਿਆ। ਇਸ ਕਾਰਨ ਕੰਪਨੀਆਂ ਨੂੰ ਇਸ ਦੇ ਮੁਤਾਬਕ ਉਤਪਾਦਨ ਵਧਾਉਣਾ ਪਿਆ। ਬਾਅਦ 'ਚ ਅਸੀਂ ਇਹ ਜਾਣ ਕੇ ਹੈਰਾਨ ਹੋਏ ਕਿ ਲੋਕ ਸਿਲੰਡਰ ਖਾਲੀ ਹੋਏ ਬਿਨਾਂ ਹੀ ਬੁਕਿੰਗ ਕਰਵਾ ਦਿੰਦੇ ਹਨ।' ਇੱਕ ਹੋਰ ਅਧਿਕਾਰੀ ਦਾ ਕਹਿਣਾ ਸੀ ਕਿ ਲਾਕਡਾਊਨ ਦੇ ਸ਼ੁਰੂ 'ਚ ਡਲਿਵਰੀ ਵਾਲਿਆਂ ਨੂੰ ਕੁਝ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨਾਲ ਲੋਕਾਂ 'ਚ ਹਫੜਾ ਦਫੜੀ ਸੀ, ਪਰ ਇਸ ਵੇਲੇ ਸਭ ਠੀਕ ਹੈ।



# ਸਾਊਦੀ ਅਰਬ ਵੱਲੋਂ ਮੁਸਲਮਾਨਾਂ ਨੂੰ ਹੱਜ ਯਾਤਰਾ ਮੁਲਤਵੀ ਕਰਨ ਦੀ ਅਪੀਲ



ਦੁਬਈ, 2 ਅਪ੍ਰੈਲ (ਪੋਸਟ ਬਿਊਰੋ)- ਸਾਊਦੀ ਅਰਬ ਦੇ ਇੱਕ ਸੀਨੀਅਰ ਅਧਿਕਾਰੀ ਨੇ ਹੱਜ ਕਰਨ ਦੀ ਤਿਆਰੀ ਕਰ ਰਹੇ ਮੁਸਲਮ ਭਾਈਚਾਰੇ ਦੇ 10 ਲੱਖ ਤੋਂ ਵੱਧ ਲੋਕਾਂ ਨੂੰ ਇਹ ਯਾਤਰਾ ਮੁਲਤਵੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਇਹ ਯਾਤਰਾ ਰੱਦ ਹੋ ਸਕਦੀ ਹੈ।

ਫਰਵਰੀ ਵਿੱਚ ਸਾਊਦੀ ਸੁਲਤਾਨ ਨੇ ਵੱਡਾ ਫ਼ੈਸਲਾ ਲੈਂਦੇ ਹੋਏ ਕੋਰੋਨਾ ਦੇ ਮੱਦੇਨਜ਼ਰ ਦੋ ਧਾਰਮਿਕ ਸ਼ਹਿਰਾਂ ਮੱਕਾ ਤੇ ਮਦੀਨਾ ਨੂੰ ਵਿਦੇਸ਼ੀਆਂ ਲਈ ਬੰਦ ਕਰਨ ਦਾ ਫ਼ੈਸਲਾ ਲਿਆ ਸੀ। ਵਰਨਣ ਯੋਗ ਹੈ ਕਿ ਇਸ ਤਰ੍ਹਾਂ ਦਾ ਫ਼ੈਸਲਾ 1918 ਵਿੱਚ ਉਸ ਸਮੇਂ ਵੀ ਨਹੀਂ ਲਿਆ ਗਿਆ ਸੀ, ਜਦੋਂ ਫਲੂ ਮਹਾਮਾਰੀ ਨਾਲ ਦੁਨੀਆਂ ਭਰ ਵਿੱਚ ਲੱਖਾਂ ਲੋਕਾਂ ਦੀ ਮੌਤ ਹੋ ਗਈ ਸੀ। ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 1500 ਤੱਕ ਪਹੁੰਚਣ ਤੋਂ ਬਾਅਦ ਸਾਊਦੀ ਅਰਬ ਨੇ ਸਖ਼ਤੀ ਕਰ ਦਿੱਤੀ ਹੈ। ਇਸ ਮੁਲਕ ਵਿੱਚ ਵਾਇਰਸ ਕਾਰਨ 10 ਮੌਤਾਂ ਹੋ ਚੁੱਕੀਆਂ ਹਨ। ਸਾਊਦੀ ਅਰਬ ਦੇ ਹੱਜ ਅਤੇ ਉਮਰਾ ਮੰਤਰੀ ਮੁਹੰਮਦ ਸਾਲੇਹ ਬਿਨ ਤਾਹਿਰ ਬਾਨਤੇਨ ਨੇ ਸਰਕਾਰੀ ਟੈਲੀਵਿਜ਼ਨ 'ਤੇ ਕਿਹਾ, ''ਸਾਊਦੀ ਅਰਬ ਦੀ ਸਲਤਨਤ ਸਾਰੇ ਮੁਸਲਮਾਨਾਂ ਤੇ ਦੇਸ਼ ਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਵਾਸਤੇ ਅਸੀਂ ਦੁਨੀਆ ਭਰ ਦੇ ਮੁਸਲਮਾਨਾਂ ਨੂੰ ਬੇਨਤੀ ਕੀਤੀ ਹੈ ਕਿ ਜਦੋਂ ਤੱਕ ਸਾਡੇ ਵੱਲੋਂ ਕੁਝ ਸਪੱਸ਼ਟ ਨਹੀਂ ਕੀਤਾ ਜਾਂਦਾ, ਕਿਸੇ ਟੂਰ ਅਪਰੇਟਰ ਨਾਲ ਕੋਈ ਸੌਦਾ ਨਾ ਕਰਨ।'' ਸਾਊਦੀ ਅਰਬ ਨੇ ਮੱਕਾ ਤੇ ਮਦੀਨਾ ਸਣੇ ਤਿੰਨ ਪ੍ਰਮੁੱਖ ਸ਼ਹਿਰਾਂ ਵਿੱਚ ਦਾਖ਼ਲ ਹੋਣ ਤੇ ਬਾਹਰ ਨਿਕਲ 'ਤੇ ਰੋਕ ਲਗਾ ਦਿੱਤੀ ਹੈ ਅਤੇ ਦੇਸ਼ ਭਰ ਵਿੱਚ ਰਾਤ ਦਾ ਕਰਫਿਊ ਲਗਾ ਦਿੱਤਾ ਗਿਆ ਹੈ।

# ਜਾਂਚ ਲਈ ਸੌ ਤੋਂ ਵੱਧ ਦੇਸ਼ਾਂ ਨੇ ਦੱਖਣੀ ਕੋਰੀਆ ਤੋਂ ਮੰਗੀ ਮਦਦ



ਸਿਓਲ, 2 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੇ ਕਰੀਬ ਇੱਕ ਸੌ ਤੋਂ ਵੱਧ ਦੇਸ਼ਾਂ ਨੇ ਕੋਰੋਨਾ ਵਾਇਰਸ ਦੀ ਜਾਂਚ ਵਿੱਚ ਦੱਖਣੀ ਕੋਰੀਆ ਤੋਂ ਮਦਦ ਮੰਗੀ ਹੈ। ਇਹ ਜਾਣਕਾਰੀ ਦੱਖਣੀ ਕੋਰਿਆਈ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦਿੱਤੀ। ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਦੇ ਦੇਸ਼ ਵਿੱਚ ਵੱਡੇ ਪੈਮਾਨੇ 'ਤੇ ਚਲਾਈ ਜਾਂਚ ਮੁਹਿੰਮ ਦਾ ਨਤੀਜਾ ਕਾਫ਼ੀ ਚੰਗਾ ਰਿਹਾ। ਇਸ ਨਾਲ ਅਸੀਂ ਲੋਕਾਂ ਨੇ ਨਾ ਸਿਰਫ਼ ਕੋਰੋਨਾ ਪੀੜਤਾ ਲੋਕਾਂ ਦੀ ਪਛਾਣ ਕਰ ਲਈ, ਬਲਕਿ ਇਨਫੈਕਸ਼ਨ ਫੈਲਣ ਦੀ ਰਫ਼ਤਾਰ 'ਤੇ ਵੀ ਕਾਬੂ ਪਾ ਲਿਆ। ਕਦੇ ਸਾਡੇ ਕੋਲ ਚੀਨ ਤੋਂ ਬਾਅਦ ਸਭ ਤੋਂ ਵੱਧ ਕੇਸ ਸਨ।

ਬੁਲਾਰੇ ਨੇ ਦੱਸਿਆ ਕਿ ਸਾਡੀ ਸਫਲਤਾ ਅਤੇ ਤਜਰਬੇ ਨੂੰ ਦੇਖ ਕੇ ਹੋਰ ਦੇਸ਼ ਸਾਡੇ ਕੋਲੋਂ ਮਦਦ ਮੰਗ ਰਹੇ ਹਨ। ਅੱਜ ਤੱਕ 121 ਦੇਸ਼ਾਂ ਨੇ ਸਾਡੇ ਨੂੰ ਮਦਦ ਲਈ ਅਪੀਲ ਕੀਤੀ ਹੈ। ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਡਿਪਲੋਮੈਟਿਕ ਸੰਵੇਦਨਸ਼ੀਲਤਾ ਕਾਰਨ ਅਸੀਂ ਉਨ੍ਹਾਂ ਦਾ ਨਾਂ ਨਹੀਂ ਦੱਸ ਸਕਦੇ। ਅਸੀਂ ਲੋਕਾਂ ਨੇ ਇੱਕ ਅਜਿਹੀ ਟਾਸਕ ਫੋਰਸ ਬਣਾਈ ਹੈ ਜਿਹੜੀ ਤੈਅ ਕਰੇਗੀ ਕਿ ਮਦਦ ਕਿਸ ਤਰ੍ਹਾਂ ਕੀਤੀ ਜਾਵੇ। ਬੁਲਾਰੇ ਨੇ ਮਦਦ ਮੰਗਣ ਵਾਲੇ ਦੇਸ਼ਾਂ ਦੇ ਨਾਂ ਨਹੀਂ ਦੱਸੇ ਜਾਣੇ, ਪਰ ਜਾਂਚ ਕਿੱਟ ਬਣਾਉਣ ਵਾਲੀਆਂ ਕੋਰਿਆਈ ਕੰਪਨੀਆਂ ਨੂੰ ਜਿਨ੍ਹਾਂ ਦੇਸ਼ਾਂ ਦੇ ਆਰਡਰ ਮਿਲੇ ਹਨ, ਉਨ੍ਹਾਂ ਵਿੱਚ ਅਮਰੀਕਾ ਤੇ ਇਟਲੀ ਵਰਗੇ ਦੇਸ਼ ਸ਼ਾਮਲ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਾਂਚ ਕਿੱਟ ਤੇ ਹੋਰ ਸਾਮਾਨ ਦੀ ਸਪਲਾਈ ਦੀ ਮੰਗ ਕਰਦੇ ਹੋਏ ਸਬੰਧਤ ਫਰਮਾਂ ਨੂੰ ਅਮਰੀਕੀ ਨਿਯਮਾਂ ਵਿੱਚ ਛੋਟ ਦੇਣ ਦਾ ਐਲਾਨ ਕੀਤਾ ਹੈ। ਜਾਂਚ ਕਿੱਟ ਬਣਾਉਣ ਵਾਲੀ ਦੱਖਣੀ ਕੋਰਿਆਈ ਬਾਇਓਟੈਕ ਫਰਮਾਂ ਨੇ ਦੁਨੀਆ ਭਰ ਤੋਂ ਆਈ ਮੰਗ ਨੂੰ ਪੂਰਾ ਕਰਨ ਲਈ ਆਪਣਾ ਉਤਪਾਦਨ ਵਧਾ ਦਿੱਤਾ ਹੈ। ਕੁਝ ਸਿਖਰਲੀਆਂ ਕੰਪਨੀਆਂ ਨੇ ਤਾਂ ਆਪਣਾ ਉਤਪਾਦਨ ਤਿੰਨ ਗੁਣਾ ਤੱਕ ਕਰ ਦਿੱਤਾ ਹੈ।

# ਕੋਰੋਨਾ ਵਾਇਰਸ ਕਾਰਨ ਵਿੰਬਲਡਨ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਰੱਦ




ਲੰਡਨ, 2 ਅਪ੍ਰੈਲ (ਪੋਸਟ ਬਿਊਰੋ)- ਵਿੰਬਲਡਨ ਨੂੰ ਕੋਰੋਨਾ ਵਾਇਰਸ ਦੀ ਮਹਾਂਮਾਰੀ ਕਾਰਨ ਰੱਦ ਕੀਤਾ ਗਿਆ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਸਭ ਤੋਂ ਪੁਰਾਣਾ ਗ੍ਰੈਂਡ ਸਲੈਮ ਟੂਰਨਾਮੈਂਟ ਨਹੀਂ ਖੇਡਿਆ ਜਾਵੇਗਾ, ਜਿਸ ਬਾਰੇ ਫੈਸਲਾ ਬਿਨਾਂ ਵਿਰੋਧ ਤੋਂ ਕੀਤਾ ਗਿਆ ਹੈ।

ਆਲ ਇੰਗਲੈਂਡ ਕਲੱਬ ਨੇ ਹੰਗਾਮੀ ਮੀਟਿੰਗ ਤੋਂ ਬਾਅਦ ਐਲਾਨ ਕੀਤਾ ਕਿ ਵਿੰਬਲਡਨ ਇਸ ਸਾਲ ਨਹੀਂ ਹੋਵੇਗਾ। ਵਿੰਬਲਡਨ 29 ਜੂਨ ਤੋਂ 12 ਜੁਲਾਈ ਤੱਕ ਲੰਡਨ ਦੇ ਘਾਹ ਦੇ ਕੋਰਟ 'ਤੇ ਖੇਡਿਆ ਜਾਣਾ ਸੀ। ਇਹ ਵੱਕਾਰੀ ਟੂਰਨਾਮੈਂਟ ਪਹਿਲੀ ਵਾਰ 1877 ਵਿੱਚ ਖੇਡਿਆ ਗਿਆ ਸੀ। 1915-18 ਵਿਚਾਲੇ ਪਹਿਲੀ ਵਿਸ਼ਵ ਜੰਗ ਤੇ 1940-45 ਵਿਚਕਾਰ ਦੂਜੀ ਵਿਸ਼ਵ ਜੰਗ ਨੂੰ ਛੱਡ ਕੇ ਹਰ ਸਾਲ ਖੇਡਿਆ ਜਾਂਦਾ ਰਿਹਾ ਹੈ। ਵਰਨਣ ਯੋਗ ਹੈ ਕਿ ਪਹਿਲਾਂ ਟੋਕਿਓ ਉਲੰਪਿਕ ਸਮੇਤ ਬਹੁਤ ਸਾਰੇ ਟੂਰਨਾਮੈਂਟਾਂ ਨੂੰ ਸਸਪੈਂਡ ਜਾਂ ਰੱਦ ਕਰ ਦਿੱਤਾ ਗਿਆ ਹੈ। ਫਰੈਂਚ ਓਪਨ ਤੋਂ ਬਾਅਦ ਵਿੰਬਲਡਨ ਟੈਨਿਸ ਦਾ ਦੂਜਾ ਵੱਡਾ ਟੂਰਨਾਮੈਂਟ ਹੈ, ਜੋ ਕੋਰੋਨਾ ਵਾਇਰਸ ਕਾਰਨ ਰੱਦ ਕਰ ਦਿੱਤਾ ਗਿਆ ਹੈ। ਫਰੈਂਚ ਓਪਨ ਨੂੰ ਸਤੰਬਰ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ ਹੈ, ਜਦੋਂ ਕਿ ਯੂ ਐਸ ਓਪਨ 31 ਅਗਸਤ ਤੋਂ 13 ਸਤੰਬਰ ਦੇ ਵਿਚਕਾਰ ਖੇਡਿਆ ਜਾਵੇਗਾ।

# ਅਮਰੀਕਾ 'ਚ ਲੱਖਾਂ ਲੋਕ ਮਕਾਨ ਦਾ ਕਿਰਾਇਆ ਦੇਣ ਤੋਂ ਅਸਮਰੱਥ

ਨਿਊਯਾਰਕ, 2 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੇ ਹੋਰ ਦੇਸ਼ਾਂ ਦੇ ਨਾਲ ਆਰਥਿਕ ਮਹਾਸ਼ਕਤੀ ਅਮਰੀਕਾ 'ਤੇ ਵੀ ਕੋਰੋਨਾ ਵਾਇਰਸ ਦਾ ਉਲਟ ਅਸਰ ਪਿਆ ਹੈ ਅਤੇ ਇਥੇ ਕਈ ਲੋਕ ਆਪਣੀ ਨੌਕਰੀ ਗੁਆ ਚੁੱਕੇ ਹਨ ਅਤੇ ਪਹਿਲੀ ਵਾਰ ਉਹ ਮਕਾਨ ਦਾ ਕਿਰਾਇਆ, ਕ੍ਰੈਡਿਟ ਕਾਰਡ ਵਰਗੀ ਦੇਣਦਾਰੀ ਦੇਣ ਵਿਚ ਖੁਦ ਨੂੰ ਅਸਮਰੱਥ ਦੱਸ ਰਹੇ ਹਨ। ਬਕਾਏ ਦਾ ਭੁਗਤਾਨ ਕਰਨ ਨੂੰ ਲੈ ਕੇ ਉਨ੍ਹਾਂ ਦਾ ਫੈਸਲਾ ਦੇਸ਼ ਵਿਚ ਕੋਰੋਨਾ ਵਾਇਰਸ ਨਾਲ ਹੋਏ ਆਰਥਿਕ ਨੁਕਸਾਨ ਨੂੰ ਦਰਸਾਉਂਦਾ ਹੈ, ਜਿੱਥੇ ਕੋਈ ਦੇਸ਼ਵਿਆਪੀ ਸਮਾਜਿਕ ਸੁਰੱਖਿਆ ਯੋਜਨਾ ਲਾਗੂ ਨਹੀਂ ਹੈ ਅਤੇ ਕਈ ਲੋਕਾਂ ਦੀ ਇੰਨੀ ਬਚਤ ਨਹੀਂ ਕਿ ਇਸ ਸੰਕਟਕਾਲ ਵਿਚ ਗੁਜ਼ਾਰਾ ਕਰ ਸਕਣ।

31 ਸਾਲਾ ਬਰੂਕਸ ਨੇ ਦੱਸਿਆ ਕਿ ਵਿਆਹੁਤਾ ਜੀਵਨ ਵਿਚ ਪਹਿਲੀ ਵਾਰ ਅਸੀਂ ਕ੍ਰੈਡਿਟ ਕਾਰਡ ਦਾ ਬਿੱਲ ਦੇਣ ਤੋਂ ਮਨਾਂ ਕੀਤਾ ਅਤੇ ਸਿਰਫ ਘੱਟੋ-ਘੱਟ ਰਾਸ਼ੀ ਹੀ ਜਮ੍ਹਾ ਕੀਤੀ। ਬਿਆਜ ਮੁਆਫ ਕਰਨ ਦੀ ਮੰਗ ਕੀਤੀ। ਜੋੜੇ ਨੇ ਵਿਦਿਆਰਥੀ ਕਰਜ਼ੇ ਦੀ ਦੇਣਦਾਰੀ ਲਈ ਸਮਾਂ ਨਾ ਦੇਣ ਦੀ ਮੰਗ ਕੀਤੀ ਹੈ। ਨਿਊਯਾਰਕ ਵਿਚ ਇਕ ਬੈਡਰੂਮ ਵਾਲੇ ਅਪਾਰਟਮੈਂਟ ਵਿਚ ਰਹਿ ਰਹੇ 33 ਸਾਲਾ ਮੈਥਿਊ ਨੇ ਕਿਹਾ ਕਿ ਜ਼ਰੂਰੀ ਦੇਣਦਾਰੀ ਨੂੰ ਹੀ ਅਸੀਂ ਭਰ ਰਹੇ ਹਾਂ ਪਰ ਘਰ ਦਾ ਕਿਰਾਇਆ ਨਹੀਂ ਦੇ ਸਕਦੇ ਕਿਉਂਕਿ ਇਸ ਨਾਲ ਮੁਸ਼ਕਲ ਦੇ ਸਮੇਂ ਲਈ ਬਚਾਏ ਗਏ ਪੈਸੇ ਸਿਰਫ ਕੁਝ ਮਹੀਨਿਆਂ ਵਿਚ ਹੀ ਖਤਮ ਹੋ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਘਰ ਦਾ ਕਿਰਾਇਆ 1.690 ਡਾਲਰ ਪ੍ਰਤੀ ਮਹੀਨਾ ਹੈ।

# ਸਿੱਖ ਭਰਾਵਾਂ ਦੀ ਰਾਖੀ ਕਰਦੇ ਇੱਕ ਮੁਸਲਮ ਨੇ ਸ਼ਹਾਦਤ ਦਿੱਤੀ ਸੀ




ਕਾਬੁਲ, 2 ਅਪ੍ਰੈਲ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚਲੇ ਗੁਰਦੁਆਰਾ ਹਰਿਰਾਇ ਸਾਹਿਬ 'ਚ ਆਤਮਘਾਤੀ ਹਮਲੇ ਦੌਰਾਨ ਮਾਰੇ ਗਏ 25 ਕਾਬੁਲੀ ਸਿੱਖਾਂ ਦੇ ਨਾਲ ਉਥੋਂ ਦੇ ਇੱਕ ਮੁਸਲਮਾਨ ਨੇ ਵੀ ਸ਼ਹਾਦਤ ਦਿੱਤੀ ਸੀ। ਉਸ ਦੇ ਪਰਵਾਰ ਨੇ ਅਪੀਲ ਕੀਤੀ ਹੈ ਕਿ ਆਪਣੀ ਜ਼ਿੰਮੇਵਾਰੀ ਬਹਾਦਰੀ ਨਾਲ ਨਿਭਾਉਂਦੇ ਹੋਏ ਸ਼ਹਾਦਤ ਦੇਣ ਵਾਲੇ ਗੁਰਦੁਆਰਾ ਸਾਹਿਬ ਦੇ ਸੁਰੱਖਿਆ ਗਾਰਡ ਮਹਿਰਮ ਅਲੀ ਸ਼ਗਸੀ (43 ਸਾਲ) ਨੂੰ ਵੀ ਯਾਦ ਰੱਖਿਆ ਜਾਵੇ।

ਗੁਰਦੁਆਰਾ ਸਾਹਿਬ 'ਚ ਹੋਏ ਅੱਤਵਾਦੀ ਹਮਲੇ 'ਚ ਮਾਰੇ ਗਏ ਇਕਲੌਤੇ ਮੁਸਲਮਾਨ ਮਹਿਰਮ ਅਲੀ ਦੇ ਪਰਵਾਰ ਦਾ ਕਹਿਣਾ ਹੈ ਕਿ ਬੰਦੂਕਧਾਰੀਆਂ ਨੂੰ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਨ 'ਤੇ ਹਮਲਾਵਰ ਨੇ ਉਸ ਦੇ ਸਿਰ 'ਚ ਗੋਲੀ ਮਾਰੀ ਸੀ। ਉਕਤ ਹਮਲੇ ਦੇ ਮ੍ਰਿਤਕਾਂ ਦੇ ਕੀਤੇ ਅੰਤਿਮ ਸੰਸਕਾਰ ਮੌਕੇ ਵੀ ਮਹਿਰਮ ਅਲੀ ਦਾ ਪਰਵਾਰ ਸ਼ਾਮਲ ਹੋਇਆ ਅਤੇ ਉਸ ਦੇ ਬਾਅਦ ਪਿੰਡ ਕਲਾਈ ਜ਼ਮਾਨ ਖ਼ਾਨ ਦੇ ਕਬਰਸਤਾਨ 'ਚ ਉਸ ਨੂੰ ਦਫ਼ਨਾਇਆ ਗਿਆ ਸੀ। ਕਾਬੁਲ ਤੋਂ ਇਸ ਬਾਰੇ ਅਰੰਦਰ ਸਿੰਘ ਨੇ ਦੱਸਿਆ ਕਿ ਮਹਿਰਮ ਅਲੀ ਦਾ ਕਾਬੁਲੀ ਸਿੱਖ ਭਾਈਚਾਰੇ ਨਾਲ ਚੰਗਾ ਰਿਸ਼ਤਾ ਸੀ। ਮਹਿਰਮ ਦੇ ਛੋਟੇ ਪੁੱਤਰ ਅਬਦੁਲ ਵਾਹਦ (23) ਦਾ ਕਹਿਣਾ ਹੈ ਕਿ ਉਸ ਦੇ ਪਿਤਾ ਹਫ਼ਤੇ 'ਚ ਸਿਰਫ਼ ਇੱਕ ਵਾਰ ਘਰ ਆਉਂਦੇ ਸਨ ਅਤੇ ਬਾਕੀ ਦਿਨ ਗੁਰਦੁਆਰਾ ਸਾਹਿਬ 'ਚ ਰਹਿੰਦੇ ਸਨ ਅਤੇ ਉਥੇ ਹੀ ਨਮਾਜ਼ ਪੜ੍ਹਦੇ ਸਨ।

# ਦੂਜੀ ਸੰਸਾਰ ਜੰਗ ਮਗਰੋਂ ਕੋਰੋਨਾ ਦਾ ਸੰਕਟ ਸਭ ਤੋਂ ਵੱਧ ਚੁਣੌਤੀ ਭਰਿਆ: ਗੁਤਰਸ





ਯੂ ਐੱਨ ਓ, 2 ਅਪ੍ਰੈਲ (ਪੋਸਟ ਬਿਊਰੋ)- ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕੋਰੋਨਾ ਸੰਕਟ ਸਭ ਤੋਂ ਚੁਣੌਤੀ ਪੂਰਨ ਘਟਨਾ ਹੈ। ਇੱਕ ਪਾਸੇ ਇਸ ਨਾਲ ਵੱਡੇ ਪੈਮਾਨੇ 'ਤੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਅਤੇ ਦੂਜੇ ਪਾਸੇ ਆਰਥਿਕ ਮੰਦੀ ਦੀ ਮਾਰ ਪੈਣ ਦੇ ਆਸਾਰ ਬਣ ਰਹੇ ਹਨ। ਪਿਛਲੇ ਸਮਿਆਂ 'ਚ ਅਜਿਹੀ ਕੋਈ ਘਟਨਾ ਦੇਖਣ ਨੂੰ ਨਹੀਂ ਮਿਲੀ। ਇਹ ਗੱਲ ਯੂ ਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਨੇ ਕਹੀ ਹੈ।

ਗੁਤਰਸ ਕੱਲ੍ਹ ਕੋਰੋਨ ਵਾਇਰਸ ਦੇ ਸਮਾਜਿਕ ਆਰਥਿਕ ਪ੍ਰਭਾਵ ਉੱਤੇ 'ਸ਼ੇਅਰਡ ਰਿਸਪਾਂਡਿੰਗ ਟੂ ਦਾ ਸੋਸ਼ੀਓ ਇਕਨ-ਾਮਿਕਸ' ਨਾਂ ਦੀ ਰਿਪੋਰਟ ਜਾਰੀ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਯੂ ਐੱਨ ਓ ਦੇ 5 ਸਾਲਾਂ ਦੇ ਇਤਿਹਾਸ 'ਚ ਪਹਿਲੀ ਵਾਰ ਅਜਿਹੀ ਸਿਹਤ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿੱਚ ਲੋਕਾਂ ਦੀ ਜਾਨ ਜਾ ਰਹੀ ਹੈ। ਇਹ ਸਿਰਫ਼ ਇੱਕ ਸਿਹਤ ਸੰਬੰਧੀ ਸੰਕਟ ਨਹੀਂ, ਇੱਕ ਗੰਭੀਰ ਮਾਨਵੀ ਸੰਕਟ ਹੈ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਯੂ ਐਨ ਦੀ ਸਥਾਪਨਾ ਪਿੱਛੋਂ ਉਹ ਇਸ ਨੂੰ ਸਭ ਤੋਂ ਗੰਭੀਰ ਸੰਕਟ ਕਿਉਂ ਮੰਨਦੇ ਹਨ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਇਸ ਸੰਕਟ ਦੀ ਦੋਹਰੀ ਮਾਰ ਪੈ ਰਹੀ ਹੈ। ਇੱਕ ਪਾਸੇ ਇਸ ਨਾਲ ਵੱਡੀ ਪੱਧਰ 'ਤੇ ਮੌਤਾਂ ਹੋ ਰਹੀਆਂ ਹਨ ਅਤੇ ਦੂਜੇ ਪਾਸੇ ਭਿਆਨਕ ਆਰਥਿਕ ਪ੍ਰਭਾਵ ਨਾਲ ਅਜਿਹੀ ਮੰਦੀ ਦਾ ਖ਼ਦਸ਼ਾ ਹੈ ਕਿ ਜੋ ਪਹਿਲਾਂ ਕਦੀ ਨਹੀਂ ਆਈ ਹੋਵੇਗੀ। ਇਸ ਦੋਹਰੀ ਮਾਰ ਨਾਲ ਵਿਸ਼ਵ 'ਚ ਅਸਥਿਰਤਾ, ਬੇਚੈਨੀ ਤੇ ਸੰਘਰਸ਼ ਵਧਣ ਦਾ ਖ਼ਦਸ਼ਾ ਹੈ। ਇਸ ਨਾਲ ਨਜਿੱਠਣ ਲਈ ਸਾਨੂੰ ਪ੍ਰਭਾਵੀ ਤੇ ਮਜ਼ਬੂਤ ਯਤਨ ਕਰਨੇ ਪੈਣਗੇ। ਇਹ ਤਦ ਹੀ ਸੰਭਵ ਹੋਵੇਗਾ ਜਦ ਅਸੀਂ ਸਿਆਸੀ ਖੇਡ ਛੱਡ ਕੇ ਇਹ ਸਵੀਕਾਰ ਕਰ ਲਵਾਂਗੇ ਕੇ ਇਸ ਸੰਕਟ 'ਚ ਮਾਨਵਤਾ ਦਾਅ 'ਤੇ ਲੱਗੀ ਹੋਈ ਹੈ। ਗੁਤਰਸ ਨੇ ਕਿਹਾ ਕਿ ਵਿਸ਼ਵ ਦੀਆਂ ਪ੍ਰਮੁੱਖ ਅਰਥ-ਵਿਵਸਥਾਵਾਂ ਨੂੰ ਗਰੀਬ ਤੇ ਵਿਹੂਣੇ ਦੇਸ਼ਾਂ ਲਈ ਨਵੀਂਆਂ, ਇੱਕਜੁੱਟ ਤੇ ਨਿਰਣਾਇਕ ਕਾਰਜ ਯੋਜਨਾ ਨਾਲ ਅੱਗੇ ਆਉਣ ਪਵੇਗਾ। ਇਸ ਮਹਾਮਾਰੀ ਨੂੰ ਕਾਬੂ ਕਰਨ ਲਈ ਸਾਰਿਆਂ ਨੂੰ ਮਿਲਕੇ ਕੰਮ ਕਰਨਾ ਪਵੇਗਾ।

# ਮਾਲੀਆ ਵਲੋਂ ਕਿੰਗਫਿਸ਼ਰ ਏਅਰਲਾਈਨਜ਼ ਦਾ ਕਰਜ਼ਾ ਮੋੜਨ ਦੀ ਪੇਸ਼ਕਸ਼

ਨਵੀਂ ਦਿੱਲੀ, 2 ਅਪ੍ਰੈਲ (ਪੋਸਟ ਬਿਊਰੋ)- ਵਿਵਾਦਿਤ ਸ਼ਰਾਬ ਕਾਰੋਬਾਰੀ ਵਿਜੇ ਮਾਲੀਆ ਨੇ ਮੰਗਲਵਾਰ ਨੂੰ ਕਰੋਨਾਵਾਇਰਸ ਦੀ ਮਹਾਮਾਰੀ ਦੌਰਾਨ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੂੰ ਦੀਵਾਲੀਆ ਹੋਈ ਕਿੰਗਫਿਸ਼ਰ ਏਅਰਲਾਈਨਜ਼ ਵਲੋਂ ਲਏ ਕਰਜ਼ੇ ਨੂੰ ਉਸ ਵਲੋਂ 100 ਫੀਸਦ ਤੱਕ ਵਾਪਸ ਕਰਨ ਦੀ ਕੀਤੀ ਗਈ ਪੇਸ਼ਕਸ਼ ’ਤੇ ਮੁੜ ਵਿਚਾਰ ਕਰਨ ਲਈ ਆਖਿਆ ਹੈ। ਲਗਭਗ 9,000 ਕਰੋੜ ਰੁਪਏ ਦੇ ਮਨੀ-ਲਾਂਡਰਿੰਗ ਮਾਮਲਿਆਂ ਦਾ ਸਾਹਮਣਾ ਕਰ ਰਹੇ ਮਾਲੀਆ ਨੇ ਕਿਹਾ ਕਿ ਭਾਰਤ ਵਿੱਚ ਲਾਕਡਾਊਨ ਦੌਰਾਨ ਉਸ ਦੀਆਂ ਸਾਰੀਆਂ ਕੰਪਨੀਆਂ ਨੇ ਸਾਰੇ ਕੰਮ ਅਤੇ ਉਤਪਾਦਨ ਰੋਕ ਦਿੱਤਾ ਹੈ। ਮਾਲੀਆ ਨੇ ਟਵੀਟ ਕੀਤਾ, ‘‘ਮੈਂ ਵਾਰ-ਵਾਰ ਬੈਂਕਾਂ ਨੂੰ ਕਿੰਗਫਿਸ਼ਰ ਏਅਰਲਾਈਨਜ਼ ਦਾ ਕਰਜ਼ਾ ਸੌ ਫੀਸਦ ਤੱਕ ਮੋੜਨ ਦੀ ਪੇਸ਼ਕਸ਼ ਕਰ ਚੁੱਕਿਆ ਹਾਂ। ਨਾ ਤਾਂ ਬੈਂਕਾਂ ਪੈਸਾ ਲੈਣ ਲਈ ਤਿਆਰ ਹਨ ਅਤੇ ਨਾ ਹੀ ਈਡੀ ਬੈਂਕਾਂ ਦੇ ਕਹਿਣ ’ਤੇ ਉਸ ਦੀਆਂ ਜ਼ਬਤ ਕੀਤੀਆਂ ਸੰਪਤੀਆਂ ਛੱਡਣ ਨੂੰ ਤਿਆਰ ਹੈ।

# ਪ੍ਰਿੰਸ ਹੈਰੀ ਅਤੇ ਮੇਘਨ ਮਰਕਲ ਨੇ ਸ਼ਾਹੀ ਜ਼ਿੰਮੇਵਾਰੀਆਂ ਨੂੰ ਰਸਮੀ ਤੌਰ ’ਤੇ ਅਲਹਿਦਾ ਕਿਹਾ

ਲੰਡਨ, 2 ਅਪ੍ਰੈਲ (ਪੋਸਟ ਬਿਊਰੋ)- ਬਰਤਾਨੀਆ ਦੇ ਪ੍ਰਿੰਸ ਹੈਰੀ ਅਤੇ ਉਸ ਦੀ ਪਤਨੀ ਮੇਘਨ ਮਰਕਲ ਨੇ ਮੰਗਲਵਾਰ ਨੂੰ ਆਪਣੇ-ਆਪ ਨੂੰ ਸ਼ਾਹੀ ਪਰਿਵਾਰ ਦੀਆਂ ਭੂਮਿਕਾਵਾਂ ਨੂੰ ਰਸਮੀਂ ਤੌਰ ’ਤੇ ਅਲਹਿਦਾ ਕਹਿ ਦਿੱਤਾ ਹੈ। ਇਹ ਜੋੜਾ ਅਮਰੀਕਾ ਜਾ ਵਸਿਆ ਹੈ ਅਤੇ ਆਰਥਿਕ ਤੌਰ ’ਤੇ ਆਜ਼ਾਦ ਹੈ। ਦੱਸਣਯੋਗ ਹੈ ਕਿ ਹੈਰੀ ਅਤੇ ਉਸ ਦੀ ਪਤਨੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਸ਼ਾਹੀ ਪਰਿਵਾਰ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ। ਬਕਿੰਘਮ ਪੈਲੇਸ ਨਾਲ ਹੋਏ ਸਮਝੌਤੇ ਤਹਿਤ ਹੁਣ ਉਨ੍ਹਾਂ ਕੋਲ ਮਾਰਚ 2021 ਤੱਕ 12 ਮਹੀਨਿਆਂ ਦਾ ਸਮਾਂ ਹੈ, ਜੇਕਰ ਉਹ ਚਾਹੁਣ ਤਾਂ ਵਾਪਸੀ ਕਰ ਸਕਦੇ ਹਨ ਅਤੇ ਸ਼ਾਹੀ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਮੁੜ ਸੰਭਾਲ ਸਕਦੇ ਹਨ। ਇਨ੍ਹਾਂ ਦਾ ਡਿਊਕ ਅਤੇ ਡੱਚੈੱਸ ਆਫ ਸੱਸੈਕ ਵਾਲਾ ਅਹੁਦਾ ਕਾਇਮ ਰਹੇਗਾ ਪਰ ਇਹ ਪਹਿਲੀ ਅਪਰੈਲ ਤੋਂ ਮਹਾਰਾਣੀ ਐਲਿਜ਼ਾਬੈੱਥ-ਦੋਇਮ ਦੀ ਰਸਮੀ ਤੌਰ ’ਤੇ ਪ੍ਰਤੀਨਿਧਤਾ ਨਹੀਂ ਕਰਨਗੇ।

# ਕੋਰੋਨਾ ਦੇ ਖ਼ਿਲਾਫ਼ ਜੰਗ ’ਚ ਆਰਟੀਫੀਸ਼ੀਅਲ ਇੰਟੈਲੀਜੈਂਸ ਸਹਾਈ

ਨਿਊਯਾਰਕ, 2 ਅਪ੍ਰੈਲ (ਪੋਸਟ ਬਿਊਰੋ)- ਵਿਗਿਆਨਕਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਅਜਿਹਾ ਟੂਲ ਵਿਕਸਿਤ ਕੀਤਾ ਹੈ, ਜੋ ਇਸ ਗੱਲ ਦਾ ਸਹੀ ਪਤਾ ਕਰ ਲੈਂਦਾ ਹੈ ਕਿ ਕਿਸ ਕੋਰੋਨਾ ਪੀੜਤ ਦੀ ਹਾਲਤ ਵਿਗੜੇਗੀ ਅਤੇ ਉਸ ਨੂੰ ਸਾਹ ਤੰਤਰ ਦੀ ਗੰਭੀਰ ਸਮੱਸਿਆ ਪੈਂਦਾ ਹੋ ਜਾਵੇਗੀ। ਕੰਪਿਊਟਰਸ ਮੈਟੀਰੀਅਲਸ ਐਂਡ ਕੰਟੀਨੁਆ ਜਰਨਲ ਵਿੱਚ ਛਪੀ ਅਧਿਐਨ ਰਿਪੋਰਟ ਵਿੱਚ ਬਿਮਾਰੀ ਵਿਗੜਨ ਦੇ ਸੰਕੇਤਾਂ ਦੇ ਵੇਰਵਾ ਵੀ ਦਿੱਤਾ ਗਿਆ ਹੈ। ਨਿਊਯਾਰਕ ਯੂਨੀਵਰਸਿਟੀ ਦੇ ਕਲਿਨੀਕਲ ਅਸਿਸਟੈਂਟ ਪ੍ਰੋਫੈਸਰ ਮੇਗਨ ਕਾਫੀ ਨੇ ਦੱਸਿਆ ਕਿ ਸਾਡੇ ਮਾਡਲ ਦੀ ਸਚਾਈ ਸਾਬਤ ਕਰਨ ਲਈ ਅਜੇ ਹੋਰ ਕੰਮ ਹੋਣਾ ਹੈ। ਇਹ ਉਨ੍ਹਾਂ ਮਰੀਜ਼ਾਂ ਦਾ ਪਤਾ ਲਾਉਣ ਦੇ ਸਮਰਥ ਹੈ ਜਿਨ੍ਹਾਂ ਦੀ ਹਾਲਾਤ ਵਿਗੜ ਸਕਦੀ ਹੈ। ਇਹ ਉਨ੍ਹਾਂ ਡਾਕਟਰਾਂ ਲਈ ਸਹਾਈ ਹੈ ਜਿਨ੍ਹਾਂ ਨੂੰ ਵਾਇਰਸ ਪੀੜਤਾਂ ਦੇ ਇਲਾਜ ਦਾ ਤਜਰਬਾ ਹੈ। ਨਿਊਯਾਰਕ ਯੂਨੀਵਰਸਿਟੀ ਦੇ ਹੀ ਇੱਕ ਹੋਰ ਕਲਿਨੀਕਲ ਅਸਿਸਟੈਂਟ ਪ੍ਰੋਫੈਸਰ ਅਨਾਸੇ ਬਾਰੀ ਨੇ ਦੱਸਿਆ ਕਿ ਸਾਡਾ ਉਦੇਸ਼ ਸੀ ਕਿ ਅਸੀਂ ਲੋਕ ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਆਧਾਰਤ ਅਜਿਹਾ ਟੂਲ ਬਣਾਈਏ ਜਿਸ ਨਾਲ ਕੋਰੋਨਾ ਦਾ ਮਾਮਲਾ ਭਵਿੱਖ ਵਿੱਚ ਵਿਗੜਨ ਦੇ ਬਾਰੇ ਪਤਾ ਲਾਇਆ ਜਾ ਸਕੇ। ਸਾਨੂੰ ਉਮੀਦ ਹੈ ਕਿ ਜਦੋਂ ਇਹ ਟੂਲ ਪੂਰੀ ਤਰ੍ਹਾਂ ਵਿਕਸਿਤ ਹੋ ਜਾਏਗਾ ਤਾਂ ਇਸ ਨਾਲ ਡਾਕਟਰ ਇਸ ਗੱਲ ਦਾ ਪਤਾ ਕਰ ਲੈਣਗੇ ਕਿ ਕਿਸ ਮਰੀਜ਼ ਨੂੰ ਘਰ ਭੇਜਿਆ ਜਾ ਸਕਦਾ ਹੈ ਤੇ ਕਿਸ ਨੂੰ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੈ।

ਇਸ ਅਧਿਐਨ ਵਿੱਚ ਚੀਨ ਦੇ ਦੋ ਹਸਪਤਾਲਾਂ ਵਿੱਚ ਆਏ ਸਾਰਸ ਕੋਰੋਨਾ ਵਾਇਰਸ ਦੇ 53 ਮਰੀਜ਼ਾਂ ਦੇ ਇਲਾਜ ਬਾਰੇ ਸਾਰੇ ਤਰ੍ਹਾਂ ਦੇ ਅੰਕੜਿਆਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਸਾਰੇ ਮਰੀਜ਼ਾਂ 'ਚ ਸ਼ੁਰੂ ਦੇ ਲੱਛਣ ਬਹੁਤ ਮਾਮੂਲੀ ਮਿਲੇ ਪ੍ਰੰਤੂ ਇੱਕ ਹਫ਼ਤੇ ਪਿੱਛੋਂ ਇਨ੍ਹਾਂ ਵਿੱਚੋਂ ਕੁਝ ਦੇ ਲੱਛਣ ਬੇਤਹਾਸ਼ਾ ਵਿਗੜਨ ਲੱਗੇ। ਕੁਝ ਨੂੰ ਨਿਮੋਨੀਆ ਤੱਕ ਹੋ ਗਿਆ। ਇਸ ਅਧਿਐਨ ਦਾ ਇੱਕ ਉਦੇਸ਼ ਇਹ ਵੀ ਪਤਾ ਕਰਨਾ ਸੀ ਕਿ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ ਇਹ ਪਤਾ ਲਾਇਆ ਜਾ ਸਕਦਾ ਹੈ ਕਿ ਕਿਸੇ ਕੋਰੋਨਾ ਪੀੜਤ ਨੂੰ ਸਾਹ ਤੰਤਰ ਸਬੰਧੀ ਗੰਭੀਰ ਸਮੱਸਿਆ ਹੋ ਸਕਦੀ ਹੈ।






## ਕਰਫਿਊ ਦੌਰਾਨ ਲੋਕ ਕਰ ਰਹੇ ਸਖਤ ਨਿਰਦੇਸ਼ਾਂ ਦਾ ਪਾਲਣ

ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਨਗਰ ਪ੍ਰਸਾਸ਼ਨ ਵਲੋਂ ਸ਼ਹਿਰ 'ਚ ਕੋਰੋਨਾ ਵਾਇਰਸ ਨੂੰ ਕੰਟਰੋਲ ਕਰਨ ਲਈ ਲਾਏ ਗਏ ਕਰਫਿਊ ਦੌਰਾਨ ਲੋਕਾਂ ਨੂੰ ਜ਼ਰੂਰਤ ਦਾ ਸਾਮਾਨ ਖਰੀਦਣ ਲਈ ਰਾਹਤ ਦਿੱਤੀ ਗਈ ਹੈ। ਇਸ ਦੌਰਾਨ ਲੋਕ ਪ੍ਰਸਾਸ਼ਨ ਦੇ ਸਖਤ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਸਾਹਮਣੇ ਆਏ। ਪ੍ਰਸ਼ਾਸਨ ਨੇ ਹਰ ਸੈਕਟਰ, ਪਿੰਡ ਅਤੇ ਕਲੋਨੀ 'ਚ ਦਵਾਈ, ਕਰਿਆਨਾ, ਸਬਜ਼ੀ, ਬੇਕਰੀ ਆਦਿ ਨੂੰ ਲੈਣ ਲਈ ਬਕਾਇਦਾ ਇੱਕ ਮੀਟਰ ਦੀ ਦੂਰੀ 'ਤੇ ਨਿਸ਼ਾਨ ਲਾਏ ਹੋਏ ਮਤਲਬ ਸੋਸ਼ਲ ਡਿਸਟੈਂਸਿੰਗ ਅਨੁਸਾਰ ਹੀ ਲੋਕਾਂ ਨੂੰ ਸਾਮਾਨ ਲੈਣ ਲਈ ਜਾਗਰੂਕ ਕਰਨ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਸ਼ਹਿਰ 'ਚ ਕਿਤੇ ਵੀ ਦੁਕਾਨਾਂ ਦੇ ਅੱਗੇ ਕਿਸੇ ਪ੍ਰਕਾਰ ਦੀ ਭੀੜ ਨਹੀਂ ਵੇਖੀ ਗਈ। ਉਥੇ ਹੀ ਪ੍ਰਸ਼ਾਸਨ ਵਲੋਂ ਰਾਤ ਨੂੰ ਸ਼ਹਿਰ 'ਚ ਵੱਖ-ਵੱਖ ਸੈਕਟਰਾਂ, ਕਾਲੋਨੀਆਂ, ਮਾਰਕੀਟਾਂ, ਬੈਂਕਾਂ ਦੇ ਬਾਹਰ, ਬਸਾਂ ਆਦਿ ਨੂੰ ਸੈਨੇਟਾਈਜ਼ ਕੀਤਾ ਜਾ ਰਿਹਾ ਹੈ। ਇਹੀ ਨਹੀਂ ਹੁਣ ਸ਼ਹਿਰ 'ਚ ਵੱਖ-ਵੱਖ ਐਨਜੀਓਜ਼ ਅਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਗਰੀਬਾਂ ਨੂੰ ਕਾਲੋਨੀਆਂ ਅਤੇ ਪਿੰਡਾਂ 'ਚ ਲੰਗਰ ਅਤੇ ਰਾਸ਼ਣ ਨੂੰ ਵੀ ਸੋਸ਼ਲ ਡਿਸਟੈਂਸਿੰਗ ਨੂੰ ਧਿਆਨ 'ਚ ਰੱਖਕੇ ਕੀਤਾ ਜਾ ਰਿਹਾ ਹੈ।

### ਹਾਈ ਕੋਰਟ ਦਾ ਹੁਕਮ

## ਦੋਸ਼ੀਆਂ ਤੋਂ ਜ਼ਮਾਨਤੀ ਬਾਂਡ ਨਾ ਭਰਵਾਇਆ ਜਾਵੇ




ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਇੱਕ ਅਹਿਮ ਫੈਸਲੇ ਵਿੱਚ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚਲੀਆਂ ਆਪਣੇ ਅਧੀਨ ਅਦਾਲਤਾਂ ਨੂੰ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਜ਼ਮਾਨਤਾਂ ਮਨਜ਼ੂਰ ਹੋ ਚੁੱਕੀਆਂ ਹਨ, ਉਨ੍ਹਾਂ ਤੋਂ ਜ਼ਾਮਨੀ ਬਾਂਡ ਜਾਂ ਜ਼ਮਾਨਤੀ ਬਾਂਡ ਨਾ ਭਰਵਾਇਆ ਜਾਵੇ।

ਜਸਟਿਸ ਹਰਨਰੇਸ਼ ਸਿੰਘ ਗਿੱਲ ਨੇ ਇਨ੍ਹਾਂ ਹੁਕਮਾਂ ਵਿੱਚ ਸਾਫ ਕਰ ਦਿੱਤਾ ਕਿ ਸਾਰੇ ਮੁਲਜ਼ਮਾਂ ਨੂੰ ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਕਾਰਨ ਕਮਿਊਨਿਟੀ ਟਰਾਂਸਮਿਸ਼ਨ ਤੋਂ ਬਚਾਉਣ ਅਤੇ ਸਮਾਜਕ ਦੂਰੀ ਲਈ ਪ੍ਰਸ਼ਾਸਨਿਕ ਨਿਰਦੇਸ਼ਾਂ ਦੀ ਪਾਲਣਾ ਕਰ ਕੇ ਹੀ ਜੇਲ੍ਹ ਵਿੱਚੋਂ ਰਿਹਾਅ ਕੀਤਾ ਜਾਵੇ। ਹਾਈ ਕੋਰਟ ਨੇ ਇਹ ਹੁਕਮ ਕੱਲ੍ਹ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਸੁਣਵਾਈ ਦੌਰਾਨ ਕੀਤੇ ਹਨ। ਪਟੀਸ਼ਨਰ ਇਸ਼ੂ ਗਰੋਵਰ ਨੇ ਆਪਣੇ ਵਕੀਲ ਅਭੈਜੀਤ ਸਿੰਘ ਰਾਹੀਂ ਹਾਈ ਕੋਰਟ ਕੋਲੋਂ ਮੰਗ ਕੀਤੀ ਸੀ ਕਿ ਸੁਪਰੀਮ ਕੋਰਟ ਤੇ ਹਾਈ ਕੋਰਟ ਵੱਲੋਂ ਜਾਰੀ ਨਿਰਦੇਸ਼ਾਂ ਮੁਤਾਬਕ ਸੁਬਾਰਡੀਨੇਟ ਜੁਡੀਸ਼ੀਅਲ ਅਥਾਰਟੀਆਂ ਤੇ ਮੁਕਾਮੀ ਪ੍ਰਸ਼ਾਸਨ ਨੂੰ ਮਿਲ ਕੇ ਕੰਮ ਕਰਨ ਬਾਰੇ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

# ਗੰਨਾ ਉਤਪਾਦਕਾਂ ਨੂੰ ਰਿਆਇਤੀ ਕੀਮਤਾਂ 'ਤੇ ਖੰਡ ਮੁਹੱਈਆ ਕਰਵਾਏਗੀ ਜਾਵੇਗੀ: ਰੰਧਾਵਾ

***ਸਾਰੀਆਂ ਸਹਿਕਾਰੀ ਖੰਡ ਮਿੱਲਾਂ ਨੂੰ 2500 ਰੁਪਏ ਪ੍ਰਤੀ ਕੁਇੰਟਲ 'ਤੇ ਦੇਣਗੀਆਂ ਖੰਡ: ਆਲੀਵਾਲ**

ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਕੋਵਿਡ-19 ਸੰਕਟ ਅਤੇ ਕਰਫਿਊ ਲੱਗਣ ਕਾਰਨ ਪੈਦਾ ਹੋਈਆਂ ਸਥਿਤੀਆਂ ਦੇ ਚੱਲਦਿਆਂ ਪੰਜਾਬ ਸਰਕਾਰ ਵੱਲੋਂ ਆਪਣੇ ਗੰਨਾ ਉਤਪਾਦਕ ਕਿਸਾਨਾਂ ਨੂੰ ਇਕ ਰਾਹਤ ਦਿੰਦਿਆਂ ਰਿਆਇਤੀ ਦਰਾਂ ਉਤੇ ਖੰਡ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਦੇ ਸਹਿਕਾਰਤਾ ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੂਗਰਫੈਡ ਪੰਜਾਬ ਵੱਲੋਂ ਸੂਬੇ ਦੀਆਂ ਸਾਰੀਆਂ 9 ਸਹਿਕਾਰੀ ਖੰਡ ਮਿੱਲਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਗੰਨਾ ਉਤਪਾਦਕਾਂ ਨੂੰ ਰਿਆਇਤ ਕੀਮਤ ਉਤੇ ਖੰਡ 2500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਤੁਰੰਤ ਜਾਰੀ ਕੀਤੀ ਜਾਵੇ।

ਸ਼ੂਗਰਫੈਡ ਦੇ ਚੇਅਰਮੈਨ ਸ. ਅਮਰੀਕ ਸਿੰਘ ਆਲੀਵਾਲ ਨੇ ਦੱਸਿਆ ਕਿ ਸਹਿਕਾਰਤਾ ਮੰਤਰੀ ਵੱਲੋਂ ਦਿੱਤੇ ਨਿਰਦੇਸ਼ਾਂ 'ਤੇ ਸੂਬੇ ਵਿੱਚ ਸਥਿਤ ਸਾਰੀਆਂ ਸਹਿਕਾਰੀ ਖੰਡ ਮਿੱਲਾਂ ਉਨ੍ਹਾਂ ਗੰਨਾ ਉਤਪਾਦਕਾਂ ਨੂੰ ਇਹ ਰਿਆਇਤੀ ਕੀਮਤ ਉਤੇ ਖੰਡ ਦਿੱਤੀ ਜਾਵੇਗੀ ਜਿਹੜੇ ਸਬੰਧਤ ਸਹਿਕਾਰੀ ਖੰਡ ਮਿੱਲ ਨੂੰ ਗੰਨੇ ਦੀ ਸਪਲਾਈ ਕਰਦੇ ਹਨ। ਉਨ੍ਹਾਂ ਕਿਹਾ ਕਿ 100 ਕੁਇੰਟਲ ਗੰਨੇ ਦੀ ਸਪਲਾਈ ਬਦਲੇ ਕਿਸਾਨ ਨੂੰ 20 ਕਿਲੋ ਖੰਡ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਖੰਡ ਦੀ ਕੀਮਤ ਗੰਨਾ ਉਤਪਾਦਕਾਂ ਦੀਆਂ ਗੰਨੇ ਬਦਲੇ ਬਾਕਾਇਆ ਪਈਆਂ ਅਦਾਇਗੀਆਂ ਵਿੱਚ ਐਡਜਸਟ ਕਰ ਦਿੱਤੀ ਜਾਵੇ।



ਸ਼ੂਗਰਫੈਡ ਦੇ ਐਮ.ਡੀ. ਸ਼੍ਰੀ ਪੁਨੀਤ ਗੋਇਲ ਨੇ ਦੱਸਿਆ ਕਿ ਸਰਕਾਰ ਵੱਲੋਂ ਲਿਆ ਇਹ ਫੈਸਲਾ ਜਿੱਥੇ ਕਿਸਾਨਾਂ ਨੂੰ ਘਰੇਲੂ ਵਰਤੋਂ ਲਈ ਬਜ਼ਾਰੀ ਕੀਮਤਾਂ ਤੋਂ ਘੱਟ ਸਸਤੀ ਦਰ ਉਤੇ ਖੰਡ ਮਿਲੇਗੀ ਉਥੇ ਉਹ ਆਉਣ ਵਾਲੇ ਵਾਢੀ ਸੀਜ਼ਨ ਦੌਰਾਨ ਕੰਮ ਵਿੱਚ ਜੁੱਟਣ ਵਾਲੇ ਪਰਵਾਸੀ ਮਜ਼ਦੂਰਾਂ ਦੀ ਵੀ ਮੱਦਦ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਹਿਕਾਰਤਾ ਮੰਤਰੀ ਵੱਲੋਂ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਸ਼ੂਗਰਫੈਡ ਵੱਲੋਂ ਅੱਜ ਸਾਰੇ ਜਨਰਲ ਮੈਨੇਜਰਾਂ ਵੱਲੋਂ ਇਸ ਫੈਸਲੇ ਨੂੰ ਲਾਗੂ ਕਰਨ ਲਈ ਹਦਾਇਤਾਂ ਜਾਰੀ ਹੋ ਗਈਆਂ ਹਨ।

# ਘਰ ਤੱਕ ਪਹੁੰਚਾਇਆ ਜਾ ਰਿਹਾ ਹੈ ਪੌਸ਼ਟਿਕ ਆਹਾਰ

ਚੰਡੀਗੜ੍ਹ, 2 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੋਵਿਡ -19 ਦੇ ਚੱਲ ਰਹੇ ਸੰਕਟ ਵਿਰੁੱਧ ਯਤਨ ਹੋਰ ਤੇਜ਼ ਕਰਦਿਆਂ ਰਾਜ ਦੇ ਸਾਰੇ ਲਾਭਪਾਤਰੀਆਂ ਜਿਵੇਂ 6 ਮਹੀਨੇ ਤੋਂ 6 ਸਾਲ ਤੱਕ ਦੀ ਉਮਰ ਦੇ ਬੱਚੇ, ਗਰਭਵਤੀ ਔਰਤਾਂ ਅਤੇ ਮਾਵਾਂ ਨੂੰ ਪੌਸ਼ਟਿਕ ਆਹਾਰ ਸਪਲਾਈ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਇਹ ਸਪਲਾਈ ਆਂਗਨਵਾੜੀ ਵਰਕਰਾਂ ਰਾਹੀਂ ਲਾਭਪਾਤਰੀਆਂ ਦੇ ਘਰ ਘਰ ਜਾ ਕੇ ਕੀਤੀ ਜਾਵੇਗੀ।

ਇਸ ਪਹਿਲਕਦਮੀ ਬਾਰੇ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼੍ਰੀਮਤੀ ਅਰੁਨਾ ਚੌਧਰੀ ਨੇ ਦੱਸਿਆ ਕਿ ਲੋਕਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਦੇ ਮਨੋਰਥ ਨਾਲ ਬਾਲ ਵਿਕਾਸ ਅਤੇ ਪ੍ਰੋਜੈਕਟ ਅਫਸਰਾਂ ਦੀ ਨਿਗਰਾਨੀ ਵਿੱਚ ਇਹ ਸਾਰੀ ਵੰਡ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਲੋੜਵੰਦ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਸਾਰੇ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਨਾਲ ਮਿਲ ਕੇ ਤਨਦੇਹੀ ਨਾਲ ਕੰਮ ਕਰ ਰਿਹਾ ਹੈ।

ਸ਼੍ਰੀਮਤੀ ਚੌਧਰੀ ਨੇ ਅੱਗੇ ਦੱਸਿਆ ਕਿ 24.69 ਲੱਖ ਲਾਭਪਾਤਰੀ ਬਜ਼ੁਰਗਾਂ, ਦਿਵਿਆਂਗ ਵਿਅਕਤੀਆਂ, ਵਿਧਵਾਵਾਂ, ਬੇਸਹਾਰਾ-ਔਰਤਾਂ ਅਤੇ ਆਸ਼ਰਿਤ ਬੱਚਿਆਂ ਦੇ ਬੱਚਤ ਖਾਤਿਆਂ ਵਿੱਚ ਪੈਨਸ਼ਨਾਂ ਪਾਉਣ ਦਾ ਕੰਮ ਵੀ ਪੂਰਾ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮਾਰਚ 2020, ਮਹੀਨੇ ਲਈ ਪੈਨਸ਼ਨਾਂ ਦੀ ਵੰਡ, ਜਿਸ ਦੀ ਕੁੱਲ ਰਾਸ਼ੀ 185.23 ਕਰੋੜ ਰੁਪਏ ਬਣਦੀ ਹੈ, ਅਪਰੈਲ ਦੇ ਪਹਿਲੇ ਹਫਤੇ ਤੋਂ ਸ਼ੁਰੂ ਕਰ ਦਿੱਤੀ ਜਾਵੇਗੀ।

ਕੋਰੋਨਾ ਵਾਇਰਸ ਨਾਲ ਨਜਿੱਠਣ ਦੀਆਂ ਹੋਰ ਕੋਸ਼ਿਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਜੁਵੇਨਾਈਲ ਜਸਟਿਸ ਮੋਨੀਟਰਿੰਗ ਕਮੇਟੀ ਨੇ ਉਨ੍ਹਾਂ ਸਜ਼ਾਯਾਫਤਾ ਅਤੇ ਦੋਸ਼ੀ ਬੱਚਿਆਂ ਨੂੰ 21 ਦਿਨਾਂ ਤੱਕ ਛੁੱਟੀ (ਲੀਵ ਆਫ ਐਬਸੈਂਸ) ਦੇਣ ਦੀ ਹਦਾਇਤਾਂ ਜਾਰੀ ਕੀਤੀਆਂ ਹੈ, ਜਿਨ੍ਹਾਂ ਨੇ ਸੰਗੀਨ ਅਪਰਾਧ ਨਹੀਂ ਕੀਤੇ ਹਨ। ਇਸ ਦੀ ਪਾਲਣਾ ਕਰਦਿਆਂ, ਪੰਜਾਬ ਦੇ ਸਬੰਧਤ ਜ਼ਿਲ੍ਹਿਆਂ ਦੇ ਜੁਵੇਨਾਈਲ ਜਸਟਿਸ ਬੋਰਡ (ਜੇਜੇਬੀ), ਬਾਲ ਸੁਧਾਰ ਘਰ ਅਤੇ ਵਿਸ਼ੇਸ਼ ਘਰਾਂ ਵਿੱਚ ਰੱਖੇ ਗਏ ਉਨ੍ਹਾਂ ਬੱਚਿਆਂ ਦੀ ਰਿਹਾਈ ਲਈ ਕੰਮ ਕਰ ਰਹੇ ਹਨ, ਜੋ ਇਸ ਸ਼ਰਤ ਮੁਤਾਬਕ ਯੋਗ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਮੁੰਡਿਆਂ ਲਈ ਲੁਧਿਆਣਾ, ਫਰੀਦਕੋਟ ਅਤੇ ਹੁਸ਼ਿਆਰਪੁਰ ਵਿਖੇ ਤਿੰਨ ਅਤੇ ਜਲੰਧਰ ਵਿੱਚ ਕੁੜੀਆਂ ਲਈ ਇਕ ਬਾਲ ਸੁਧਾਰ ਘਰ ਹੈ। ਹੁਸ਼ਿਆਰਪੁਰ ਵਿਖੇ ਮੁੰਡਿਆਂ ਲਈ ਇਕ ਵਿਸ਼ੇਸ਼ ਘਰ ਅਤੇ ਸੁਰੱਖਿਆ ਦੀ ਇਕ ਜਗ੍ਹਾ ਮੌਜੂਦ ਹੈ। ਕੁੱਲ 300 ਦੀ ਸਮਰੱਥਾ ਵਾਲੀਆਂ ਇਨ੍ਹਾਂ ਥਾਵਾਂ ਵਿੱਚ ਕੁੱਲ 174 ਬੱਚੇ ਮੌਜੂਦ ਹਨ।


## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**

## ਹੈਲਪਰ ਦੀ ਲੋੜ ਹੈ



**Construction Company**

FULL TIME WORK

416-618-3358 | 905-789-7783




## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com




## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710




## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਕੋਰੋਨਾ ਵਾਇਰਸ ਦੇ ਟੀਕੇ ਦੀ ਚਰਚਾ ਪਿੱਛੋਂ ਪਲੇਗ ਦਾ ਟੀਕਾ ਯਾਦ ਆਇਆ

ਮੁੰਬਈ, 2 ਅਪ੍ਰੈਲ (ਪੋਸਟ ਬਿਊਰੋ)- ਜਦੋਂ ਦੁਨੀਆ ਵਿੱਚ ਕੋਰੋਨਾ ਵਾਇਰਸ ਨਾਲ ਹਜ਼ਾਰਾਂ ਲੋਕਾਂ ਦੀ ਮੌਤ ਅਤੇ ਲੱਖਾਂ ਲੋਕ ਇਨਫੈਕਟਿਡ ਹੋ ਚੁੱਕੇ ਹਨ, ਓਦੋਂ ਡਾਕਟਰ ਬੁਬੋਨਿਕ ਪਲੇਗ ਨੂੰ ਖਤਮ ਕਰਨ ਵਾਲੇ ਜੀਵਾਣੂ ਮਾਹਿਰ ਹਾਫਕਿਨ ਦੇ ਟੀਕੇ ਅਤੇ ਉਸ ਦੀ ਭਾਰਤ 'ਚ ਕੀਤੀ ਗਈ ਉਨ੍ਹਾਂ ਦੀ ਖੋਜ ਨੂੰ ਯਾਦ ਕਰ ਰਹੇ ਹਨ।



ਰੂਸ ਦੇ ਰਹਿਣ ਵਾਲੇ ਹਾਫਕਿਨ ਨੇ ਭਾਰਤ ਵਿੱਚ 22 ਸਾਲ ਬਿਤਾਏ ਸਨ ਅਤੇ ਉਨ੍ਹਾਂ ਨੇ ਸਰਕਾਰੀ ਗ੍ਰਾਂਟ ਮੈਡੀਕਲ ਕਾਲਜ ਅਤੇ ਸਰ ਜੇ ਜੇ ਹਸਪਤਾਲ ਦੀ ਇਮਾਰਤ ਵਿੱਚ ਬੁਬੋਨਿਕ ਪਲੇਗ ਦੇ ਟੀਕੇ ਉੱਤੇ ਖੋਜ ਕੀਤੀ ਸੀ। ਇਸ ਟੀਕੇ ਨੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ, ਜਿਸ ਨਾਲ ਪੂਰੀ ਮਨੁੱਖਤਾ ਦੀ ਸੇਵਾ ਹੋਈ। ਉਨ੍ਹਾਂ ਨੂੰ ਕਾਲਰਾ ਦਾ ਟੀਕਾ ਵੀ ਬਣਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਜੇ ਜੇ ਹਸਪਤਾਲ ਦੇ ਰੈਜ਼ੀਡੈਂਟ ਮੈਡੀਕਲ ਅਧਿਕਾਰੀ ਡਾਕਟਰ ਰੇਵਤ ਕਾਨਿੰਦੇ ਨੇ ਦੱਸਿਆ ਕਿ 125 ਸਾਲ ਪਹਿਲਾਂ ਇੱਕ ਵਿਅਕਤੀ ਰੂਸ ਤੋਂ ਇਥੇ ਆਇਆ ਤੇ ਵਿਗਿਆਨਕ ਸੋਚ ਨਾਲ ਇਤਿਹਾਸਕ ਕੰਮ ਕੀਤਾ। ਜੇ ਜੇ ਹਸਪਤਾਲ ਦੇ ਜਿਸ ਕਮਰੇ 'ਚ ਹਾਫਕਿਨ ਨੇ ਟੀਕਾ ਬਣਾਇਆ, ਉਸ ਕਮਰੇ ਦੀ ਵਰਤੋਂ ਐੱਮ ਬੀ ਬੀ ਐੱਸ ਦੇ ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਲਈ ਕੀਤੀ ਜਾਂਦੀ ਹੈ। ਸਰਕਾਰ ਨੇ ਗ੍ਰਾਂਟ ਮੈਡੀਕਲ ਕਾਲਜ ਅਤੇ ਜੇ ਜੇ ਹਸਪਤਾਲ ਇਮਾਰਤ ਦੀ ਦੀਵਾਰ ਉੱਤੇ ਹਾਫਕਿਨ ਦੇ ਸਨਮਾਨ 'ਚ ਇੱਕ ਬੋਰਡ ਲਾਇਆ, ਜਿਸ ਦਾ ਉਦਘਾਟਨ 27 ਅਗਸਤ 1971 ਨੂੰ ਓਦੋਂ ਦੇ ਰਾਸ਼ਟਰਪਤੀ ਵੀ ਵੀ ਗਿਰੀ ਨੇ ਕੀਤਾ ਸੀ। ਇਹ ਮੈਡੀਕਲ ਕਾਲਜ ਇਸ ਸਾਲ ਮਈ ਵਿੱਚ ਆਪਣਾ 175ਵਾਂ ਸਥਾਪਨਾ ਦਿਵਸ ਮਨਾ ਰਿਹਾ ਹੈ ਤੇ ਇਸ ਵਿੱਚ ਮਹਿਮਾਨ ਦੇ ਰੂਪ ਵਿੱਚ ਰਾਸ਼ਟਰਪਤੀ ਰਮਨਾਥ ਕੋਵਿੰਦ ਨੂੰ ਵੀ ਸੱਦਣ ਦੀ ਯੋਜਨਾ ਹੈ, ਪਰ ਹਾਲੇ ਇਸ ਦੇ ਕਰਮਾਚਰੀ ਕੋਰੋਨਾ ਵਾਇਰਸ ਨਾਲ ਨਜਿੱਠਣ 'ਚ ਲੱਗੇ ਹਨ।

# ਬਰੇਲੀ ਵਿੱਚ ਬਾਹਰੋਂ ਆਏ ਪ੍ਰਵਾਸੀ ਮਜ਼ਦੂਰਾਂ ਉੱਤੇ ਕੈਮੀਕਲ ਘੋਲ ਕੇ ਛਿੜਕਾਅ ਕਰਨ ਤੋਂ ਵਿਵਾਦ

ਲਖਨਊ, 2 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਲਾਗ ਨੂੰ ਵਧਣ ਤੋਂ ਰੋਕਣ ਲਈ ਦੂਜੇ ਰਾਜਾਂ ਤੇ ਜ਼ਿਲਿਆਂ ਤੋਂ ਆਏ ਪਰਵਾਸੀ ਮਜ਼ਦੂਰਾਂ ਨੂੰ ਲਾਗ ਮੁਕਤ ਕਰਨ ਲਈ ਐਤਵਾਰ ਨੂੰ ਬਰੇਲੀ ਬਸ ਅੱਡੇ ਉੱਤੇ ਟਰੈਫਿਕ ਪੁਲਸ ਅਤੇ ਫਾਇਰ ਬ੍ਰੀਗੇਡ ਦੀ ਟੀਮ ਨੇ ਸੋਡੀਅਮ ਹਾਈਪੋਕਲੋਰਾਈਡ ਦਾ ਘੋਲ ਉਨ੍ਹਾਂ ਉੱਤੇ ਛਿੜਕ ਦਿੱਤਾ।



ਨੋਇਡਾ ਜ਼ਿਲਾ ਹਸਪਤਾਲ ਦੇ ਚੀਫ ਮੈਡੀਕਲ ਅਫਸਰ ਡਾਕਟਰ ਅਨੁਰਾਗ ਭਾਰਗਵ ਦੇ ਮੁਤਾਬਕ ਸੋਡੀਅਮ ਹਾਈਪੋਕਲੋਰਾਈਡ ਘੋਲ ਇੱਕ ਤਰ੍ਹਾਂ ਦਾ ਕੈਮੀਕਲ ਹੈ ਜਿਸ ਦੇ 0.5 ਫੀਸਦੀ ਘੋਲ (ਜਿਸ ਨੂੰ ਡਾਇਕਿਨ ਘੋਲ ਵੀ ਕਿਹਾ ਜਾਂਦਾ ਹੈ) ਦੀ ਵਰਤੋਂ ਕਿਸੇ ਵੀ ਚੀਜ਼ ਨੂੰ ਲਾਗ ਤੋਂ ਮੁਕਤ ਕਰਨ ਲਈ ਹੁੰਦੀ ਹੈ। ਆਮ ਤੌਰ 'ਤੇ ਹਸਪਤਾਲਾਂ ਵਿੱਚ ਇਸ ਦੇ 0.5 ਜਾਂ ਇੱਕ ਫੀਸਦੀ ਘੋਲ ਦੀ ਵਰਤੋਂ ਸਫਾਈ ਲਈ ਹੁੰਦੀ ਹੈ। ਮਜ਼ਦੂਰਾਂ ਉੱਤੇ ਕੈਮੀਕਲ ਦਾ ਇਹ ਸਪਰੇਅ ਕਰਨ ਦੀ ਸਮਾਜਵਾਦੀ ਪਾਰਟੀ, ਬਸਪਾ ਅਤੇ ਕਾਂਗਰਸ ਨੇ ਆਲੋਚਨਾ ਕੀਤੀ ਹੈ। ਵਿਰੋਧੀ ਧਿਰ ਦੇ ਆਗੂਆਂ ਦੇ ਬਿਆਨਾਂ ਮਗਰੋਂ ਬਰੇਲੀ ਦੇ ਜ਼ਿਲਾ ਅਧਿਕਾਰੀ ਨੇ ਇਸ ਘਟਨਾ ਨਾਲ ਜੁੜੇ ਲੋਕਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੈ। ਜ਼ਿਲਾ ਅਧਿਕਾਰੀ ਨਿਤੀਸ਼ ਕੁਮਾਰ ਨੇ ਕਿਹਾ, ਪ੍ਰਭਾਵਤ ਲੋਕਾਂ ਦਾ ਮੁੱਖ ਮੰਤਰੀ ਦਫਤਰ ਦੇ ਹੁਕਮਾਂ 'ਤੇ ਇਲਾਜ ਕੀਤਾ ਜਾ ਰਿਹਾ ਹੈ। ਬਰੇਲੀ ਨਗਰ ਨਿਗਮ ਅਤੇ ਅੱਗ ਬੁਝਾਊ ਵਿਭਾਗ ਦੀਆਂ ਟੀਮਾਂ ਨੂੰ ਬਸਾਂ ਨੂੰ ਕੀਟਾਣੂ ਮੁਕਤ ਕਰਨ ਨੂੰ ਕਿਹਾ ਗਿਆ ਸੀ, ਪਰ ਉਨ੍ਹਾਂ ਗਲਤੀ ਨਾਲ ਇਹ ਕੁਝ ਕਰ ਦਿੱਤਾ। ਸੰਬੰਧਤ ਲੋਕਾਂ ਦੇ ਵਿਰੁੱਧ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ ਹਨ।

ਬਰੇਲੀ ਦੇ ਚੀਫ ਫਾਇਰ ਅਫਸਰ ਸੀ ਐੱਮ ਸ਼ਰਮਾ ਨੂੰ ਇਸ 'ਤੇ ਕੋਈ ਪਛਤਾਵਾ ਨਹੀਂ। ਉਨ੍ਹਾਂ ਇਸ ਕਾਰਵਾਈ ਨੂੰ ਸਹੀ ਠਹਿਰਾਉਂਦੇ ਹੋਏ ਕਿਹਾ, ਕਿਸੇ ਵੀ ਚੰਗੇ ਕੰਮ ਵਿੱਚ ਕੁਝ ਤਕਲੀਫ ਹੁੰਦੀ ਹੀ ਹੈ। ਘੋਲ ਦੇ ਛਿੜਕਾਅ ਨਾਲ ਜੇ ਕੁਝ ਬੂੰਦਾਂ ਅੱਖਾਂ ਵਿੱਚ ਚਲੀਆਂ ਜਾਣ ਤਾਂ ਦੋ ਚਾਰ ਸੈਕਿੰਡਾਂ ਦੀ ਜਲਣ ਹੁੰਦੀ ਹੈ, ਜਿਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਉਥੇ ਇਸ ਘੋਲ ਦਾ ਛਿੜਕਾਅ ਜ਼ਰੂਰੀ ਸੀ, ਜਿਸ ਨਾਲ ਬਿਮਾਰੀ ਕੰਟਰੋਲ ਹੋਵੇਗੀ।

ਜਾਣਕਾਰ ਸੂਤਰਾਂ ਮੁਤਾਬਕ ਐਤਵਾਰ ਰਾਤ ਟੀਮਾਂ ਨੇ ਸੈਂਕੜੇ ਲੋਕਾਂ ਨੂੰ ਪਹਿਲਾਂ ਇੱਕ ਥਾਂ ਬੈਠਣ ਲਈ ਕਿਹਾ, ਫਿਰ ਉਨ੍ਹਾਂ 'ਤੇ ਅੱਗ ਬੁਝਾਊ ਗੱਡੀਆਂ ਨਾਲ ਛਿੜਕਾਅ ਕੀਤਾ। ਘੋਲ ਦਾ ਪਾਣੀ ਅੱਖਾਂ ਵਿੱਚ ਜਾਣ ਨਾਲ ਕੁਝ ਲੋਕਾਂ ਦੀਆਂ ਅੱਖਾਂ ਲਾਲ ਹੋ ਗਈਆਂ, ਬੱਚੇ ਜ਼ਿਆਦਾ ਪਰੇਸ਼ਾਨ ਹੋਏ। ਕੁਝ ਦੇਰ ਲਈ ਉਥੇ ਭਾਜੜ ਮੱਚ ਗਈ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


# ਲੰਡਨ ਵਿੱਚ ਭਾਰਤੀ ਮੂਲ ਦੇ ਪਿਓ-ਧੀ ਦੀ ਕੋਰੋਨਾ ਨਾਲ ਮੌਤ

ਨਾਭਾ, 2 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਮੂਲ ਦੇ ਪਿਓ-ਧੀ ਦੀ ਲੰਡਨ ਵਿੱਚ ਕੋਰੋਨਾ ਨਾਲ ਮੌਤ ਹੋ ਗਈ ਹੈ। ਉਨ੍ਹਾਂ ਦੀ ਪਛਾਣ 61 ਸਾਲਾ ਸੁਧੀਰ ਸ਼ਰਮਾ ਤੇ ਉਸ ਦੀ 33 ਸਾਲਾ ਧੀ ਪੂਜਾ ਵਜੋਂ ਦੱਸੀ ਗਈ ਰਹੀ ਹੈ। ਨਾਭਾ ਨਾਲ ਸੰਬੰਧਤ ਇਹ ਲੋਕ 1989 'ਚ ਲੰਡਨ ਜਾ ਕੇ ਵਸ ਗਏ ਸਨ। ਮ੍ਰਿਤਕ ਸੁਧੀਰ ਸ਼ਰਮਾ ਦਾ ਭਰਾ ਲੁਧਿਆਣਾ ਵਿੱਚ ਹੈ। ਸੋਸ਼ਲ ਮੀਡੀਆ ਦੇ ਅਨੁਸਾਰ ਸੁਧੀਰ ਸ਼ਰਮਾ ਹੀਥਰੋ ਏਅਰਪੋਰਟ 'ਤੇ ਇਮੀਗਰੇਸ਼ਨ ਦੇ ਫਰੰਟਲਾਈਨ ਅਧਿਕਾਰੀ ਵਜੋਂ ਤੈਨਾਤ ਸੀ। ਉਸ ਦੀ ਧੀ ਪੂਜਾ ਯੂ ਕੇ ਈਸਟ ਸੁਸੈਕਸ ਦੇ



ਡਿਸਟ੍ਰਿਕਟ ਜਨਰਲ ਆਫਿਸ ਵਿੱਚ ਫਾਰਮਾਸਿਸਟ ਦੀਆਂ ਸੇਵਾਵਾਂ ਨਿਭਾਅ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਯੂ ਕੇ ਏਅਰਪੋਰਟ ਅਧਿਕਾਰੀ ਇਸ ਗੱਲ ਨੂੰ ਗੱਲ ਥੱਲੋਂ ਨਹੀਂ ਲੰਘਾ ਪਾ ਰਹੇ ਕਿ ਸੱਤ ਜਨਵਰੀ ਨੂੰ ਕੰਮ ਤੋਂ ਛੁੱਟੀ ਲੈਣ ਵਾਲਾ ਸੁਧੀਰ ਸ਼ਰਮਾ ਕੋਰੋਨਾ ਤੋਂ ਪੀੜਤ ਸੀ। ਉਸ ਦੀ ਮੌਤ ਬੁੱਧਵਾਰ ਨੂੰ ਹੋਈ ਦੱਸੀ ਗਈ ਹੈ। ਉਸ ਤੋਂ ਕੁਝ ਘੰਟਿਆਂ ਬਾਅਦ ਹੀ ਉਸ ਦੀ ਲੜਕੀ ਪੂਜਾ ਨੇ ਵੀ ਦਮ ਤੋੜ ਦਿੱਤਾ।


ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਏਅਰ ਕੈਨੇਡਾ ਕਰੇਗੀ 16,500 ਕਾਮਿਆਂ ਦੀ ਛਾਂਗੀ



ਮਾਂਟਰੀਅਲ, 2 ਅਪ੍ਰੈਲ (ਪੋਸਟ ਬਿਊਰੋ) : ਕੋਵਿਡ-19 ਕਾਰਨ ਘਾਟਾ ਝੱਲ ਰਹੀ ਏਅਰ ਕੈਨੇਡਾ ਵੱਲੋਂ ਆਰਜ਼ੀ ਤੌਰ ਉੱਤੇ 16,500 ਕਰਮਚਾਰੀਆਂ ਦੀ ਛਾਂਗੀ ਕੀਤੀ ਜਾਵੇਗੀ। ਇਹ ਛਾਂਗੀ ਇਸ ਹਫਤੇ ਤੋਂ ਹੀ ਸ਼ੁਰੂ ਕਰ ਦਿੱਤੀ ਜਾਵੇਗੀ। ਮਾਂਟਰੀਅਲ ਸਥਿਤ ਏਅਰਲਾਈਨ ਦੀਆਂ ਉਡਾਨਾਂ ਦੀ ਸਮਰੱਥਾ ਵਿੱਚ ਅਚਾਨਕ ਆਈ ਕਮੀ ਦੇ ਚੱਲਦਿਆਂ 15,200 ਯੂਨੀਅਨ ਵਰਕਰਾਂ ਤੇ 1300 ਮੈਨੇਜਰਾਂ ਨੂੰ ਕੱਢਣ ਦਾ ਕੰਮ ਇਸ ਸ਼ੁੱਕਰਵਾਰ ਤੋਂ ਸ਼ੁਰੂ ਹੋਵੇਗਾ ਤੇ ਅਪਰੈਲ ਤੇ ਮਈ ਤੱਕ ਚੱਲੇਗਾ। ਇੱਕ ਬਿਆਨ ਜਾਰੀ ਕਰਕੇ ਏਅਰਲਾਈਨ ਦੇ ਚੀਫ ਐਗਜ਼ੈਕਟਿਵ ਕੈਲਿਨ ਰੋਵਿਨੈਸਕੂ ਨੇ ਆਖਿਆ ਕਿ ਐਨੀ ਵੱਡੀ ਗਿਣਤੀ ਵਿੱਚ ਆਪਣੇ ਕਰਮਚਾਰੀਆਂ ਦੀ ਛਾਂਗੀ ਕਰਨਾ ਸਾਡੇ ਲਈ ਬਹੁਤ ਦੁਖਦਾਈ ਫੈਸਲਾ ਹੈ ਪਰ ਹਾਲ ਦੀ ਘੜੀ ਕੰਮ ਵਿੱਚ ਆਈ ਕਮੀ ਕਾਰਨ ਸਾਨੂੰ ਇਹ ਫੈਸਲਾ ਕਰਨਾ ਪੈ ਰਿਹਾ ਹੈ।

ਗਲੋਬਲ ਸ਼ੱਟਡਾਊਨ ਕਾਰਨ ਏਅਰਲਾਈਨ ਵੱਲੋਂ ਆਪਣੀਆਂ ਬਹੁਤੇ ਕੌਮਾਂਤਰੀ ਤੇ ਅਮਰੀਕਾ ਵਾਲੇ ਰੂਟਸ ਬੰਦ ਕੀਤੇ ਹੋਏ ਹਨ। ਏਅਰ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਦੀ ਇਸ ਸਕੀਮ ਨਾਲ ਉਨ੍ਹਾਂ ਨੂੰ 500 ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਸੀਈਓ ਤੇ ਚੀਫ ਫਾਇਨਾਂਸ਼ੀਅਲ ਆਫੀਸਰ ਮਾਈਕ ਰੌਸੀਊ ਵੱਲੋਂ ਆਪਣੀਆਂ 100 ਫੀ ਸਦੀ ਤਨਖਾਹਾਂ ਛੱਡੀਆਂ ਜਾ ਰਹੀਆਂ ਹਨ ਜਦਕਿ ਬਾਕੀ ਦੀ ਐਗਜ਼ੈਕਟਿਵ ਟੀਮ ਵਲੋਂ 25 ਫੀ ਸਦੀ ਤੇ 50 ਫੀ ਸਦੀ ਤਨਖਾਹ ਨਹੀਂ ਲਈ ਜਾਵੇਗੀ।

# ਸੀਆਈਐਫ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਰਾਹਤ ਪੈਕੇਜ ਦੀ ਅਪੀਲ

ਟੋਰਾਂਟੋ, 2 ਅਪ੍ਰੈਲ (ਪੋਸਟ ਬਿਊਰੋ) : ਕੈਨੇਡਾ ਇੰਡੀਆ ਫਾਊਂਡੇਸ਼ਨ (ਸੀਆਈਐਫ) ਵੱਲੋਂ ਸਰਕਾਰ ਕੋਲ ਅਪੀਲ ਕੀਤੀ ਗਈ ਹੈ ਕਿ ਕੈਨੇਡੀਅਨ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਨੂੰ ਰਾਹਤ ਪੈਕੇਜ ਦਿੱਤਾ ਜਾਵੇ ਤਾਂ ਜੋ ਇਸ ਸੰਕਟ ਦੀ ਘੜੀ ਵਿੱਚ ਉਹ ਆਪਣੇ ਕਮਰਿਆਂ ਦੇ ਕਿਰਾਏ ਤੇ ਗਰੌਸਰੀ ਦੇ ਬਿੱਲ ਦੇਣ ਦੇ ਤਣਾਅ ਤੋਂ ਛੁਟਕਾਰਾ ਪਾ ਸਕਣ।

ਕੌਮਾਂਤਰੀ ਵਿਦਿਆਰਥੀ ਕੋਵਿਡ-19 ਮਹਾਮਾਰੀ ਕਾਰਨ ਬੇਹੱਦ ਤਣਾਅ ਵਿੱਚ ਹਨ। ਬਹੁਗਿਣਤੀ ਵਿਦਿਆਰਥੀ ਦੋ ਵਕਤ ਦੀ ਰੋਟੀ ਦਾ ਜੁਗਾੜ ਆਰਜ਼ੀ ਪਾਰਟ ਟਾਈਮ ਨੌਕਰੀਆਂ ਕਰਕੇ ਕਰ ਰਹੇ ਹਨ। ਮੌਜੂਦਾ ਮਹਾਮਾਰੀ ਕਾਰਨ ਉਨ੍ਹਾਂ ਕੋਲ ਵਸੀਲਿਆਂ ਦੀ ਬਹੁਤ ਘਾਟ ਹੋ ਗਈ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਤੋਂ ਮਿਲਣ ਵਾਲੀ ਹਰ ਕਿਸਮ ਦੀ ਮਦਦ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

ਪਿਛਲੇ ਪੰਜ ਸਾਲਾਂ ਵਿੱਚ ਕੈਨੇਡਾ ਵਿੱਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿੱਚ ਕਾਫੀ ਵਾਧਾ ਦਰਜ ਕੀਤਾ ਗਿਆ। ਇਸ ਸਮੇਂ ਕੈਨੇਡਾ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ 600,000 ਕੌਮਾਂਤਰੀ ਵਿਦਿਆਰਥੀ ਪੜ੍ਹਾਈ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ 50 ਫੀ ਸਦੀ ਓਨਟਾਰੀਓ ਵਿੱਚ ਹਨ। ਇੱਕ ਅੰਦਾਜੇ ਮੁਤਾਬਕ ਕੈਨੇਡਾ ਵਿੱਚ 200,000 ਕੌਮਾਂਤਰੀ ਵਿਦਿਆਰਥੀ ਸਿਰਫ ਭਾਰਤ ਤੋਂ ਹਨ।

ਕੈਨੇਡਾ ਇੰਡੀਆ ਫਾਊਂਡੇਸ਼ਨ ਦੇ ਚੇਅਰ ਅਨਿਲ ਸ਼ਾਹ ਨੇ ਆਖਿਆ ਕਿ ਇਹ ਵਿਦਿਆਰਥੀ ਕੈਨੇਡਾ ਤੇ ਆਪਣੇ ਮੂਲ ਦੇਸ਼ ਦਰਮਿਆਨ ਕੜੀ ਦੀ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਉਹ ਭਵਿੱਖ ਦੀ ਸਕਿੱਲਡ ਵਰਕ ਫੋਰਸ ਵਜੋਂ ਵੀ ਕੈਨੇਡਾ ਵਿੱਚ ਆਪਣਾ ਬਣਦਾ ਹਿੱਸਾ ਪਾਉਣਗੇ। ਇਸ ਮੌਕੇ ਸੀਆਈਐਫ ਦੇ ਨੈਸ਼ਨਲ ਕਨਵੀਨਰ ਸਤੀਸ਼ ਠੱਕਰ ਤੇ ਨੈਸ਼ਨਲ ਕੋ-ਕਨਵੀਨਰ ਪੰਕਜ ਦੇਵ ਨੇ ਵੀ ਆਪਣੇ ਵਿਚਾਰ ਪ੍ਰਗਟਾਏ।

# ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਫੌਜ ਤੋਂ ਮਦਦ ਲੈਣ ਦੀ ਕੀਤੀ ਜਾ ਰਹੀ ਹੈ ਤਿਆਰੀ : ਟਰੂਡੋ



ਓਟਵਾ, 2 ਅਪ੍ਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈਕਿ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਫੌਜ ਤੋਂ ਮਦਦ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ। ਟਰੂਡੋ ਨੇ ਇਹ ਵੀ ਆਖਿਆ ਕਿ ਫੈਡਰਲ ਸਰਕਾਰ ਹਰ ਤਰ੍ਹਾਂ ਦੇ ਛੋਟੇ ਵੱਡੇ ਕਾਰੋਬਾਰਾਂ ਲਈ ਵੇਜ ਸਬਸਿਡੀ ਦਾ ਪਸਾਰ ਵੀ ਕਰਨ ਜਾ ਰਹੀ ਹੈ।

ਟਰੂਡੋ ਨੇ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਤੋਂ ਕੈਨੇਡੀਅਨ ਆਰਮਡ ਫੋਰਸਿਜ਼ ਕੋਵਿਡ-19 ਖਿਲਾਫ ਸਾਡੀ ਜੰਗ ਵਿੱਚ ਸਾਡੀਆਂ ਕਮਿਊਨਿਟੀਜ਼ ਦੀ ਮਦਦ ਕਰਨ ਲਈ ਹਿੱਸਾ ਲੈਣ ਦੀ ਤਿਆਰੀ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਅਜੇ ਫੈਡਰਲ ਸਰਕਾਰ ਨੂੰ ਕਿਸੇ ਵੀ ਪ੍ਰੋਵਿੰਸ ਜਾਂ ਟੈਰੇਟਰੀ ਵੱਲੋਂ ਫੌਜ ਦੇ ਦਖਲ ਦੀ ਰਸਮੀ ਤੌਰ ਉੱਤੇ ਅਪੀਲ ਨਹੀਂ ਕੀਤੀ ਗਈ ਹੈ। ਪਰ ਸਾਡੀ ਫੌਜ ਮਦਦ ਲਈ ਤਿਆਰ ਹੈ।

ਨੋਵਲ ਕਰੋਨਾਵਾਇਰਸ ਨਾਲ ਲੜਨ ਸਬੰਧੀ ਫੈਡਰਲ ਸਰਕਾਰ ਦੀ ਰੋਜ਼ਾਨਾ ਕੀਤੀ ਜਾਣ ਵਾਲੀ ਅਪਡੇਟ ਵਿੱਚ ਰੱਖਿਆ ਮੰਤਰੀ ਹਰਜੀਤ ਸੱਜਣ ਤੇ ਚੀਫ ਆਫ ਡਿਫੈਂਸ ਜੋਨਾਥਨ ਵੈਂਸ ਵੱਲੋਂ ਇਸ ਸਬੰਧ ਵਿੱਚ ਹੋਰ ਵੇਰਵੇ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਕੀਤੀ ਗਈ। ਸੱਜਣ ਨੇ ਆਖਿਆ ਕਿ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ ਹੋਇਆਂ ਉਹ ਇਹ ਯਕੀਨੀ ਬਣਾ ਰਹੇ ਹਨ ਕਿ ਉਨ੍ਹਾਂ ਦੇ ਜਵਾਨ ਸਿਹਤਮੰਦ ਰਹਿਣ ਤੇ ਲੋੜ ਪੈਣ ਉੱਤੇ ਫੌਰੀ ਮਦਦ ਕਰ ਸਕਣ।

ਰੱਖਿਆ ਮੰਤਰੀ ਨੇ ਆਖਿਆ ਕਿ ਇਸ ਸਮੇਂ ਰੈਗੂਲਰ ਤੇ ਰਿਜ਼ਰਵ ਫੋਰਸਿਜ਼ ਦੇ 24000 ਜਵਾਨ ਫੌਰੀ ਤਾਇਨਾਤ ਕੀਤੇ ਜਾ ਸਕਦੇ ਹਨ ਤੇ 10 ਯੂਨਿਟ ਦੇਸ਼ ਵਿੱਚ ਕਿਤੇ ਵੀ ਲੋੜ ਪੈਣ ਉੱਤੇ ਤੁਰੰਤ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਭਾਵੇਂ ਚੁਣੌਤੀਆਂ ਕਿਹੋ ਜਿਹੀਆਂ ਵੀ ਕਿਉਂ ਨਾ ਹੋਣ ਸਾਡੇ ਜਵਾਨ ਮਦਦ ਲਈ ਹਮੇਸ਼ਾਂ ਤਿਆਰ ਹਨ। ਸੋਮਵਾਰ ਨੂੰ ਟਰੂਡੋ ਨੇ ਆਖਿਆ ਕਿ ਕੋਈ ਵੀ ਕਾਰੋਬਾਰ, ਜਿਸ ਦੀ ਆਮਦਨ ਵਿੱਚ 30 ਫੀ ਸਦੀ ਜਾਂ ਵਧ ਦੀ ਗਿਰਾਵਟ ਆਈ ਹੈ, 75 ਫੀ ਸਦੀ ਵੇਜ ਸਬਸਿਡੀ ਲਈ ਯੋਗ ਹੈ। ਫਿਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਚੈਰਿਟੀਜ਼ ਤੇ ਗੈਰ ਮੁਨਾਫੇ ਵਾਲੀਆਂ ਸੰਸਥਾਵਾਂ ਵੀ ਇਸ ਸਬਸਿਡੀ ਲਈ ਅਪਲਾਈ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਟਰੂਡੋ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਇਸ ਪ੍ਰੋਗਰਾਮ ਦੀ ਕਿਸੇ ਵੀ ਕਾਰੋਬਾਰ ਵੱਲੋਂ ਦੁਰਵਰਤੋਂ ਨਾ ਕੀਤੀ ਜਾਵੇ। ਅਜਿਹਾ ਕਰਨ ਵਾਲੇ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਆਮ ਹਾਲਾਤ ਵਿੱਚ ਸੋਮਵਾਰ ਨੂੰ ਵਿੱਤ ਮੰਤਰੀ ਬਿੱਲ ਮੌਰਨੀਊ ਵੱਲੋਂ ਸਾਲ 2020 ਦਾ ਫੈਡਰਲ ਬਜਟ ਪੇਸ਼ ਕੀਤਾ ਜਾਣਾ ਸੀ ਪਰ ਹੁਣ ਅਜਿਹਾ ਨਹੀਂ ਹੋ ਰਿਹਾ। ਹਾਲਾਂਕਿ ਮੰਗਲਵਾਰ ਨੂੰ ਮੌਰਨਿਊ ਹੁਣ ਤੱਕ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਬੰਧੀ ਹੋਏ ਖਰਚੇ ਬਾਰੇ ਤਫਸੀਲ ਨਾਲ ਜਾਣਕਾਰੀ ਦੇਣਗੇ। ਇਸ ਦੌਰਾਨ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਾਰੇ ਦੇਸ਼ ਵਾਸੀਆਂ ਨੂੰ ਸੁਨੇਹਾ ਦਿੱਤਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਬਹੁਤ ਮੁਸ਼ਕਲ ਸਮਾਂ ਹੈ ਪਰ ਸਾਨੂੰ ਸਾਰਿਆਂ ਨੂੰ ਆਪਣੇ ਇਰਾਦੇ ਦ੍ਰਿੜ ਰੱਖਣੇ ਹੋਣਗੇ ਤੇ ਆਪਣੇ ਘਰਾਂ ਵਿੱਚ ਹੀ ਰਹਿਣਾ ਹੋਵੇਗਾ।

# ਫੋਰਡ ਨੇ ਸਟੇਟ ਆਫ ਐਮਰਜੰਸੀ ਵਿੱਚ ਦੋ ਹਫਤਿਆਂ ਲਈ ਕੀਤਾ ਹੋਰ ਵਾਧਾ



ਟੋਰਾਂਟੋ, 2 ਅਪ੍ਰੈਲ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਹ ਅਗਲੇ ਦੋ ਹਫਤਿਆਂ ਲਈ ਹੋਰ ਐਮਰਜੰਸੀ ਵਧਾ ਰਹੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਇਸ ਲਈ ਇਹ ਫੈਸਲਾ ਕੀਤਾ ਜਾ ਰਿਹਾ ਹੈ ਕਿਉਂਕਿ ਪ੍ਰੋਵਿੰਸ ਵਿੱਚ ਕੋਵਿਡ-19 ਦੇ ਨਵੇਂ ਕੇਸ ਆਉਣ ਦੇ ਸਿਲਸਿਲੇ ਵਿੱਚ ਕੋਈ ਕਮੀ ਨਹੀਂ ਆਈ ਹੈ।

ਫੋਰਡ ਨੇ 17 ਮਾਰਚ ਨੂੰ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਲਾਈ ਸੀ ਤੇ ਇਨ੍ਹਾਂ ਹੁਕਮਾਂ ਦੇ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਸੋਮਵਾਰ ਨੂੰ ਫੋਰਡ ਨੇ ਇਨ੍ਹਾਂ ਐਮਰਜੰਸੀ ਵਾਲੇ ਹਾਲਾਤ ਵਿੱਚ ਵਾਧਾ ਹੋਣ ਦੀ ਪੁਸ਼ਟੀ ਕੀਤੀ। ਕੁਈਨਜ਼ ਪਾਰਕ ਵਿਖੇ ਕੋਵਿਡ-19 ਬਾਰੇ ਪ੍ਰੋਵਿੰਸ ਦੀ ਡੇਲੀ ਅਪਡੇਟ ਦੌਰਾਨ ਫੋਰਡ ਨੇ ਆਖਿਆ ਕਿ ਪ੍ਰੋਵਿੰਸ ਅਜੇ ਇਹ ਜਾਇਜ਼ਾ ਲੈ ਰਿਹਾ ਹੈ ਕਿ ਕੀ ਇਹ ਹੁਕਮ ਦੋ ਹਫਤਿਆਂ ਦੇ ਆਧਾਰ ਉੱਤੇ ਵਧਾਏ ਜਾਣ। ਪ੍ਰੀਮੀਅਰ ਨੇ ਆਖਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਨਵੇਂ ਮਾਮਲੇ ਮਿਲਣ ਤੋਂ ਅਜੇ ਰੁਕੇ ਨਹੀਂ ਹਨ ਤੇ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਉਨ੍ਹਾਂ ਨੂੰ ਅੱਗੇ ਵੀ ਕਾਰਵਾਈ ਕਰਨੀ ਪਵੇਗੀ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਵੱਲੋਂ ਦਿੱਤੀ ਜਾਣ ਵਾਲੀ ਸਲਾਹ ਉੱਤੇ ਸਾਡੀ ਪੂਰੀ ਟੀਮ ਫੌਰੀ ਅਮਲ ਕਰੇਗੀ। ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਨੇ ਆਖਿਆ ਕਿ ਉਹ ਬਾਰੀਕੀ ਨਾਲ ਹਾਲਾਤ ਉੱਤੇ ਨਜ਼ਰ ਰੱਖ ਰਹੇ ਹਨ ਤੇ ਲੋੜ ਪੈਣ ਉੱਤੇ ਢੁਕਵੇਂ ਮਾਪਦੰਡ ਅਪਣਾਏ ਜਾਣਗੇ।

# ਓਨਟਾਰੀਓ ਵਿੱਚ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ ਉੱਤੇ ਲਾਈ ਪਾਬੰਦੀ

ਟੋਰਾਂਟੋ, 2 ਅਪ੍ਰੈਲ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੋਵਿਡ-19 ਨੂੰ ਅੱਗੇ ਫੈਲਣ ਤੋਂ ਰੋਕਣ ਲਈ ਤੇ ਓਨਟਾਰੀਓ ਵਾਸੀਆਂ ਦੀ ਸਿਹਤ ਤੇ ਭਲਾਈ ਲਈ ਫੌਰੀ ਕਾਰਵਾਈ ਕੀਤੀ ਜਾ ਰਹੀ ਹੈ।


ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਸਲਾਹ ਉੱਤੇ ਓਨਟਾਰੀਓ ਸਰਕਾਰ ਵੱਲੋਂ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਪ੍ਰੋਟੈਕਸ਼ਨ ਐਕਟ ਤਹਿਤ ਜਨਤਕ ਈਵੈਂਟਸ ਕਰਵਾਉਣ ਤੇ ਪੰਜ ਵਿਅਕਤੀਆਂ ਤੋਂ ਵੱਧ ਦੇ ਇੱਕਠ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇਹ ਹੁਕਮ ਫੌਰੀ ਤੌਰ ਉੱਤੇ ਲਾਗੂ ਹੋਣਗੇ। ਇਹ ਹੁਕਮ ਪੰਜ ਜਾਂ ਵੱਧ ਵਿਅਕਤੀਆਂ ਵਾਲੇ ਘਰਾਂ ਉੱਤੇ ਲਾਗੂ ਨਹੀਂ ਹੋਣਗੇ। ਇਸ ਤੋਂ ਇਲਾਵਾ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਤੇ ਫਰਸਟ ਰਿਸਪਾਂਡਰਜ਼ ਦੇ ਬੱਚਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਚਾਈਲਡ ਕੇਅਰ ਸੈਂਟਰਾਂ ਉੱਤੇ ਵੀ ਇਹ ਹੁਕਮ ਲਾਗੂ ਨਹੀਂ ਹੋਣਗੇ ਬਸ਼ਰਤੇ ਇੱਥੇ ਲੋਕਾਂ ਦੀ ਗਿਣਤੀ 50 ਤੋਂ ਉੱਪਰ ਨਾ ਟੱਪੇ। ਅੰਤਮ ਸਸਕਾਰ ਵਿੱਚ ਵੀ ਦਸ ਵਿਅਕਤੀਆਂ ਤੋਂ ਵਧ ਲੋਕ ਸ਼ਾਮਲ ਨਹੀਂ ਹੋ ਸਕਣਗੇ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜੇ ਅਸੀਂ ਕੋਵਿਡ-19 ਦੇ ਪਸਾਰ ਨੂੰ ਰੋਕਣ ਵਿੱਚ ਕਾਮਯਾਬ ਹੋਣਾ ਚਾਹੁੰਦੇ ਹਾਂ ਤੇ ਆਪਣੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਫਿਜ਼ੀਕਲ ਡਿਸਟੈਂਸਿੰਗ ਯਕੀਨੀ ਬਣਾਉਣੀ ਹੋਵੇਗੀ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਹਰ ਕੋਈ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਏ ਤੇ ਜਦੋਂ ਤੱਕ ਲੋੜ ਨਹੀਂ ਪੈਂਦੀ ਬਿਨਾ ਮਤਲਬ ਦੇ ਘਰਾਂ ਤੋਂ ਬਾਹਰ ਨਾ ਆਵੇ। ਉਨ੍ਹਾਂ ਆਖਿਆ ਕਿ ਉਹ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਵਾਇਰਸ ਨੂੰ ਰੋਕਣ ਲਈ ਜੋ ਕੁਝ ਵੀ ਉਨ੍ਹਾਂ ਦੇ ਵੱਸ ਵਿੱਚ ਹੋਵੇਗਾ ਉਹ ਕਰਨਗੇ।

ਆਰਗੇਨਾਈਜ਼ਡ ਈਵੈਂਟਸ ਵਿੱਚ ਪਰੇਡ, ਵਿਆਹ ਸ਼ਾਦੀਆਂ, ਸੋਸ਼ਲ ਗੈਦਰਿੰਗਜ਼, ਧਾਰਮਿਕ ਥਾਂਵਾਂ ਉੱਤੇ ਕਮਿਊਨਲ ਸਰਵਿਸਿਜ਼ ਆਦਿ ਸ਼ਾਮਲ ਹਨ। ਇਨ੍ਹਾਂ ਹੁਕਮਾਂ ਨਾਲ ਪਹਿਲਾਂ ਵਾਲੇ ਐਮਰਜੰਸੀ ਆਰਡਰ ਖ਼ਤਮ ਹੋ ਜਾਂਦੇ ਹਨ ਜਿਨ੍ਹਾਂ ਵਿੱਚ 50 ਤੋਂ ਵੱਧ ਲੋਕਾਂ ਦੇ ਇੱਕਠ ਉੱਤੇ ਰੋਕ ਸੀ।



# Dr. Randhawa Dentistry



*Your own dentist who really cares for you*

**We Provide the following Services:**


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044




# NEED A LAWYER ??
# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization



**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

PASS PASS PULSE

www.aahafoods.ca
aahafoodscanada

PRAN JAAYE PAR PULSE NA JAAYE

AF AAHA FOODS
brings
India's No 1 Candy with a tangy twist
Now Available in 5 flavours all across #Canada



Kaccha Aam, Guava, Pineapple, Orange

Wholesale Company of Ethnic Food Products
(A Division of SR India Marketing INC)
Unit No. 2, 1850 Ellesmere Road, Scarborough, ON M1H 2V5 Canada
+1 416-925-6339, +1 416-666-8525 ,+1 647-831-9149 Fax: 647-351-7157
Email: siva@srimi.com , ram@srimi.com

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

